ੴ


ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

## ਕਾਨਪੁਰ ਸ਼ਹੀਦੀ ਅੰਕ

### ਸ਼ਹੀਦ ਭਾਈ ਜਗਜੀਤ ਸਿੰਘ ਜੀ



ਸ਼ਹੀਦੀ ਤੋਂ ਪਹਿਲਾਂ




ਸ਼ਹੀਦੀ ਤੋਂ ਪਿਛੋਂ

ਨਵੰਬਰ ੧੯੭੯

www.AKJ.Org

# ਸ਼ਹੀਦ ਭਾਈ ਕਿਸ਼ਨ ਸਿੰਘ ਜੀ



ਸ਼ਹੀਦੀ ਤੋਂ ਪਹਿਲਾਂ



ਸ਼ਹੀਦੀ ਤੋਂ ਪਿਛੋਂ

# ਸ਼ਹੀਦ ਭਾਈ ਕਸ਼ਮੀਰਾ ਸਿੰਘ ਜੀ



ਸ਼ਹੀਦੀ ਤੋਂ ਪਹਿਲਾਂ



ਸ਼ਹੀਦੀ ਤੋਂ ਪਿਛੋਂ

www.AKJ.Org

ਹੋਮਕੰਟ ਪ੍ਰਿੰਟਿੰਗ ਪ੍ਰੈਸ.ਬਜ਼ਾਰ ਨੰ: ੬,ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ

# ਸ਼ਹੀਦ ਸਰਦਾਰਨੀ ਦਰਸ਼ਨ ਕੌਰ ਜੀ



ਸ਼ਹੀਦੀ ਤੋਂ ਪਹਿਲਾਂ



ਸ਼ਹੀਦੀ ਤੋਂ ਪਿਛੋਂ

# ਸ਼ਹੀਦ ਭਾਈ ਮਨਮੋਹਨ ਸਿੰਘ ਜੀ





www.AKJ.Org

## ਸ਼ਹੀਦ ਭਾਈ ਹਰਚਰਨ ਸਿੰਘ ਜੀ



ਸਹੀਦੀ ਤੋਂ ਪਹਿਲਾਂ



ਸਹੀਦੀ ਤੋਂ ਪਿਛੋਂ

www.AKJ.org

## ਸ਼ਹੀਦ ਭਾਈ ਗੁਰਜੀਤ ਸਿੰਘ ਜੀ





www.AKJ.Org

# ਸ਼ਹੀਦੀ ਫ਼ੰਡ—ਹਿਸਾਬ ਕਿਤਾਬ ਦਾ ਚਿੱਠਾ

'ਸੂਰਾ' ਅਕਤੂਬਰ ਵਿਚ ਦਿਤੇ ਹਿਸਾਬ ਤੋਂ ਅਗੇ ਹੇਠ ਲਿਖੇ ਅਨੁਸਾਰ ਹਿਸਾਬ ਹੈ—

## ਆਮਦਨ

| | |
|---|---|
| ਸ: ਸ਼ੇਰ ਸਿੰਘ ਜੀ ਸੌਰੀਆ ਚਕਰ, ਮਜੌਲੀ (ਪਟਿਆਲਾ) | ੧੦੦-੦੦ |
| ਸ: ਕਰਤਾਰ ਸਿੰਘ B.A.B.Ed. ਠਠੀਆਂ ਮਹੰਤਾਂ | ੧੫੦-੦੦ |
| ਗੁ: ਪ੍ਰਬੰਧਕ ਕਮੇਟੀ ਜਾਰਜ ਵੇਂਪੀ ਐਂਡ ਕੰਪਨੀ ਮਸਕਟ (ਉਮਾਨ) | ੧੦,੦੦੦-੦੦ |
| ਡਾ: ਉਤਮ ਸਿੰਘ ਨੈਚਰੋਪੈਥ ਮਾਲਵੀਆ ਨਗਰ, ਨ: ਦਿੱਲੀ | ੫੧-੦੦ |
| ਗਿ: ਹਰਮੰਦਰ ਸਿੰਘ ਢੰਡੋਵਾਲ ਡਾ: ਸ਼ਾਹਕੋਟ | ੨੧੫-੦੦ |
| ਅਖੰਡ ਕੀਰਤਨੀ ਜਥਾ ਚੰਡੀਗੜ੍ਹ | ੫੦੦-੦੦ |
| ਸ: ਪਰਮਜੀਤ ਸਿੰਘ ਜੀ ਹਡਿਆਇਆ (ਸੰਗਰੂਰ) | ੫੧-੦੦ |
| Cpl ਨਰਿੰਦਰ ਸਿੰਘ ਜੀ 56 A.P.o. | ੧੦੦-੦੦ |
| ਸ: ਸਵਰਨ ਸਿੰਘ ਜੀ, ਫਰੀਦਾਬਾਦ | ੩੧-੦੦ |
| ਸ: ਗੁਰਮੁਖ ਸਿੰਘ ਜੀ, ਨਵੀਂ ਦਿੱਲੀ ੨੭ | ੩੧-੦੦ |
| ਫਟੜ ਦੋ ਸਿੰਘਾਂ ਦੇ ਬੀਮੇ ਵਾਪਸ ਆ ਗਏ | ੧੦੦੦-੦੦ |
| ਗੁਪਤ, ਘਾਲ ਕਲਾਂ ਬਰਾਸਤਾ ਮੋਗਾ | ੨੦੦-੦੦ |
| ਗੁਰਦਵਾਰਾ ਸਿੰਘ ਸਭਾ, ਰਾਵਤ ਭਾਟਾ | ੪੨੧-੦੦ |
| G 53335 ਹਰਚਰਨ ਸਿੰਘ ਜੀ 99Apo | ੧੦੦-੦੦ |
| ਸ: ਗੁਰਬਖਸ਼ ਸਿੰਘ ਜੀ ਸਿਵੀਆ, ਗ੍ਰੇਵਜੈਂਡ ਯੂ. ਕੇ. | ੩੭-੦੦ |
| ਗਿ: ਗੁਰਚਰਨਜੀਤ ਸਿੰਘ I.A.F. ਕਾਨਪੁਰ | ੧੦੦-੦੦ |
| ਸ: ਅਜੀਤ ਸਿੰਘ ਜੀ ਪਟਿਆਲਾ | ੧੦੦-੦੦ |
| ਸ: ਲਖਵਿੰਦਰ ਸਿੰਘ ਜੀ ਕੋਲਾਬਾ ਬੰਬੇ | ੧੦੦-੦੦ |
| ਸ: ਅਵਤਾਰ ਸਿੰਘ ਜੀ 56 A.p.o. | ੨੫-੦੦ |
| ਸ: ਹਰਮੋਹਨ ਸਿੰਘ ਜੀ ਨਵੀਂ ਦਿੱਲੀ | ੩੧-੦੦ |
| ਸ: ਬਰਕਤ ਸਿੰਘ ਜੀ, ਜੈਪੁਰ | ੧੦੧-੦੦ |
| ਸ: ਤ੍ਰਿਲੋਚਨ ਸਿੰਘ ਜੀ, ਨਵੀਂ ਦਿੱਲੀ | ੧੦੧-੦੦ |
| ਇਕ ਗੁਰਮੁਖ ਜੀ ਗੁਪਤ, ਦਿੱਲੀ | ੫੦-੦੦ |
| ਸ: ਉਤਮ ਸਿੰਘ ਜੀ, ਨਵੀਂ ਦਿੱਲੀ | ੧੦੦-੦੦ |
| ਸ: ਹਰਜੀਤ ਸਿੰਘ ਜੀ ਗਾਰਡ, ਕੋਟਾ | ੫੧-੦੦ |
| ਇਕ ਗੁਰਮੁਖ ਸੀ (ਸੂਰਾ ਚਿਟ 3070) ਜਲੰਧਰ | ੫੦-੦੦ |
| ਸ: ਜਗਤ ਸਿੰਘ ਜੀ ਲਖਨਊ | ੨੦੦-੦੦ |
| ਇਕ ਗੁਰਮੁਖ ਜੀ, ਦਿੱਲੀ | ੧੦੦-੦੦ |
| ਸ: ਪੂਰਨ ਸਿੰਘ ਜੀ ਸਰਾਫ, ਲਖਨਊ | ੧੦੧-੦੦ |
| ਸ: ਬਿਸ਼ਨ ਸਿੰਘ ਜੀ ਸਰਾਫ, ਕਾਨਪੁਰ | ੧੦੧-੦੦ |
| ਸ: ਸੁੰਦਰ ਸਿੰਘ, ਸੁੰਦਰ ਮੈਡੀਕਲ ਸਟੋਰ ਕਾਨਪੁਰ | ੧੦[illegible]-੦੦ |
| ਸ: ਹਰਨਾਮ ਸਿੰਘ ਬਹਾਦਰ ਸਿੰਘ, ਨਵੀਂ ਦਿੱਲੀ | ੫੧-੦੦ |
| ਇਸਤ੍ਰੀ ਸਤਸੰਗ ਸਭਾ ਮਾਲਵੀਆ ਨਗਰ ਦਿੱਲੀ | ੩੦੦-੦੦ |
| ਸੰਗਤ ਕਾਲਕਾਜੀ, ਗੋਬਿੰਦਪੁਰੀ, ਨਵੀਂ ਦਿੱਲੀ | ੨੦੦-੦੦ |
| ਸ: ਗੁਰਚਰਨ ਸਿੰਘ ਜੀ, ਆਗਰਾ | ੧੦੦-੦੦ |
| ਸ: ਬਲਦੇਵ ਸਿੰਘ ਜੀ, ਜੈਪੁਰ | ੨੫-੦੦ |
| ਸ: ਅਵਤਾਰ ਸਿੰਘ ਜੀ, ਬੜੌਦਾ | ੧੧੧-੦੦ |
| ਸ: ਭਗਵੰਤ ਸਿੰਘ ਜੀ, ਕੈਨੇਡੀ ਬ੍ਰਿਜ ਬੰਬੇ-4 | ੨੫੧-੦੦ |
| ਸ: ਸਵਰਨ ਸਿੰਘ ਜੀ ਮਾਥਰੂ ਸਿਧਵਾਂ ਦੋਨਾ (ਕਪੂਰਥਲਾ) | ੧੦੦-੦੦ |
| ਭਾ: ਸੋਹਣ ਸਿੰਘ ਜੀ, ਨੰਗਲ ਲੁਬਾਣਾ (ਕਪੂਰਥਲਾ) | ੫੧-੦੦ |
| ਸ: ਦਰਸਨ ਸਿੰਘ ਜੀ, ਮਾਡਲ ਟਾਊਨ, ਦਿੱਲੀ | ੧੦੦-੦੦ |
| ਸ: ਮਹਿੰਦਰ ਸਿੰਘ ਜੀ ਖਰਬੰਦਾ, ਪੂਨਾ | ੧੦੦-੦੦ |
| ਸ: ਗੁਰਦੇਵ ਸਿੰਘ ਜੀ J.E. ਬਠਿੰਡਾ | ੫੦-੦੦ |
| ਅਖੰਡ ਕੀਰਤਨੀ ਜਥਾ ਭੁਪਾਲ | ੧੨੫-੦੦ |
| ਸੰਗਤ ਪਟਨਾ ਸਾਹਿਬ | ੫੦੦-੦੦ |
| ਬੀਬੀ ਅਵਨਾਸ਼ ਕੌਰ, ਜੰਡਿਆਲਾ ਗੁਰੂ | ੫੦-੦੦ |
| ਸ: ਅਮਰੀਕ ਸਿੰਘ ਜੀ ਬੈਡਫੋਰਡ ਯੂ. ਕੇ. | ੨੨੫-੦੦ |
| ਸ: ਗੁਰਦੇਵ ਸਿੰਘ ਜੀ, ਨਗਰ (ਫਲੌਰ) | ੨੫-੦੦ |
| ਸ: ਭਜਨ ਸਿੰਘ ਸੱਗੂ Lethbridge ਕੈਨੇਡਾ | ੧੬੪-੭੦ |
| ਸੰਗਤ ਨਵੀਂ ਦਿੱਲੀ c/o ਸ: ਬਲਵੰਤ ਸਿੰਘ ਜੀ | ੧੩੦੦-੦੦ |
| ਸੰਗਤ ਕੋਟਾ c/o ਸ: ਹਰਜੀਤ ਸਿੰਘ ਜੀ | ੫੫੩-੦੦ |
| ਗੁ: ਪ੍ਰ: ਕਮੇਟੀ ਆਲਮਗੀਰ, ਕਾਲਾ ਸੰਘਿਆ | ੫੦੦-੦੦ |
| ਸ੍ਰੀ ਕਿਸ਼ੋਰ ਗਿਆਨ ਚੰਦ ਪਹਿਲਾਜਾਣੀ ਤੇ ਹੋਰ ਸੰਗਤ | ੨੩੪-੦੦ |
| ਗੁਰੂ ਨਾਨਕ ਸਤਿਸੰਗ ਸਭਾ ਏਅਰ ਫੋਰਸ ਤਾਂਬਰਮ ਮਦਰਾਸ | ੫੦੧-੦੦ |
| Cpl ਪ੍ਰੀਤਮ ਸਿੰਘ ਜੀ, ਜਲਾਲ੍ਹੀ ਬੰਗਲੌਰ | ੫੧-੦੦ |
| ਹੈਡਮਾਸਟਰ ਹਰਭਜਨ ਸਿੰਘ ਜੀ Nakuru, Kenya | ੨੧੦-੯੭ |
| ੨੫/-ਤੋਂ ਘਟ ਵਾਲੀਆ ੧੯ ਰਕਮਾਂ | ੧੫੯-੦੦ |
| W.o. ਸੁਚਾ ਸਿੰਘ, J.w.o. ਅਮਰਜੀਤ ਸਿੰਘ Cpl ਤ੍ਰਿਲੋਕ ਸਿੰਘ ਭਾਰਦਵਾਜ, Cpl ਕਸ਼ਮੀਰ ਸਿੰਘ ਬਾਜਵਾ, Cpl ਬਲਵੰਤ ਸਿੰਘ ਸੈਣੀ, Cpl ਕੁਲਵੰਤ ਸਿੰਘ, ਭਾ: ਹਰਭਜਨ ਸਿੰਘ, ਭਾ: ਕਰਨੈਲ ਸਿੰਘ, ਪ੍ਰੇਮ ਸਿੰਘ ਜੀ, ਬਾਗਡੋਗਰਾ ਤੋਂ | ੨੯੯-੦੦ |
| ਜਵਾਹਰ ਸਿੰਘ ਕਿਰਪਾਲ ਸਿੰਘ, ਅੰਮ੍ਰਿਤਸਰ | ੫੦੦-੦੦ |
| ਅਖੰਡ ਕੀਰਤਨੀ ਜਥਾ ਯੂ ਕੇ. ਰਜਿਸਟ੍ਰਡ | ੬੩੫੫-੪੦ |
| ਭਾਈ ਜਸਵੰਤ ਸਿੰਘ ਭਟੀ, ਰੈਡਿੰਗ ਯੂ. ਕੇ. | ੪੨੫-੦੦ |
| ਭਾਈ ਗੁਰਨਾਮ ਸਿੰਘ ਜੀ, ਰੈਡਿੰਗ ਯੂ. ਕੇ. | ੧੦੧-੦੦ |
| ਜੋੜ | ੩੧੧੩੭-੦੭ |
| ਪਿਛਲੀ ਬਾਕੀ | ੨੩੩੬੯-੧੩ |
| ਕੁਲ ਜੋੜ | ੫੪੫੦੬-੨੦ |

## ਖਰਚ

| | |
|---|---|
| ਕਾਨਪੁਰ ਸ਼ਹੀਦੀ ਸਾਕੇ ਬਾਰੇ ਟੈਲੀਗ੍ਰਾਮਾਂ | ੧੯੭-੭੫ |
| ਕਾਨਪੁਰ ਲਈ ਟੈਕਸੀ, ਜੋ ਰਾਹ ਵਿਚ ਖਰਾਬ ਹੋ ਗਈ | ੨੮੦-੦੦ |
| ਜਥੇਦਾਰ ਤੇ ਇਕ ਸਿੰਘ ਕਾਨਪੁਰ ਆਣ ਜਾਣ | ੨੫੮-੦੦ |
| ਅਕਾਲੀ ਪਤ੍ਰਕਾ ਤੇ ਅਜੀਤ ਸਤੰਬਰ ਮਹੀਨਾ | ੨੨-੦੦ |
| ਕਾਨਪੁਰ ਸ਼ਹੀਦਾਂ ਤੇ ਫਟੜਾਂ ਲਈ ਡਰਾਫਟ ਭੇਜਿਆ | ੨੧,੦੦੦-੦੦ |
| ਡਰਾਫਟ ਫੀਸ | ੨੦-੦੦ |
| ਸ਼ਹੀਦ ਜਥੇਦਾਰ ਰਣਬੀਰ ਸਿੰਘ ਜੀ ਦੀ ਸਿੰਘਣੀ ਨੂੰ | ੧੦੦੦-੦੦ |
| ਸ਼ਹੀਦ ਦੇ ਪਿੰਡ ਥਰਾਜ ਆਣ ਜਾਣ ਦਾ ਖਰਚ | ੧੭-੩੦ |
| ਕਾਨਪੁਰ ਸ਼ਹੀਦਾਂ ਦੇ ਭੋਗ ਸਮੇਂ ੪ ਸਜਣ ਦਿੱਲੀ ਤੋਂ | ੨੧੨-੫੦ |
| ਸ਼ਹੀਦੀ ਫੋਟੋਆਂ ਆਦਿ ਛਪਵਾਉਣ ਲਈ 'ਸੂਰਾ' ਪਤ੍ਰ ਨੂੰ | ੧੫੦੦-੦੦ |
| ਜੋੜ | ੨੪੪੯੭-੫੫ |

## ਜੋ ਰਕਮਾਂ ਅਜੇ ਤਕ ਕੈਸ਼ ਨਹੀਂ ਹੋਈਆਂ

| | |
|---|---|
| ਅਖੰਡ ਕੀਰਤਨੀ ਜਥਾ ਯੂ. ਕੇ. ਰਜਿਸਟ੍ਰਡ ਤੋਂ | ੧੪੦੦ ਪੌਂਡ |
| " " " " " " ਤੋਂ ਹੋਰ ਪੁਜ ਰਹੇ | ੨੦੦੦ ਪੌਂਡ |
| ਕੈਨੇਡਾ ਦੇ ਨੌਂ ਸਿੰਘਾਂ ਵਲੋਂ | ੧੫੦੦ ਡਾਲਰ |
| ਚਿਕਾਗੋ ਦੇ ਦੋ ਸਿੰਘਾਂ ਵਲੋਂ | ਸਾਢੇ ੩੨ ਡਾਲਰ |
| ਸ: ਭੂਪਿੰਦਰ ਸਿੰਘ ਜੀ, ਦਿਲੀ ੫੨ | ੧੦੦-੦੦ |

ਦਾਸਰਾ—
ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ
ਕੇਂਦਰੀ ਦਫ਼ਤਰ ਅੰਮ੍ਰਿਤਸਰ ੨੬.੧੦.੭੮

| | |
|---|---|
| ਜਮ੍ਹਾ ਰਕਮਾਂ | ੫੪੫੦੬-੨੦ |
| ਖਰਚ | ੨੪੪੯੭-੫੫ |
| ਬਾਕੀ | ੩੦੦੦੮-੬੫ |

www.AKJ.Org

# ਜਲੰਧਰ ਵਿਖੇ ਸਾਲਾਨਾ ਨਿਰੰਕਾਰੀ ਗੁਰਪੁਰਬ ਤੇ ਅਖੰਡ ਕੀਰਤਨ ਪ੍ਰੋਗਰਾਮ

### ੧੨ ਨਵੰਬਰ ਐਤਵਾਰ ਸਵੇਰ ਤੋਂ ੧੫ ਨਵੰਬਰ ਬੁਧਵਾਰ ਸਵੇਰ ਤਕ

ਹਰ ਸਾਲ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰੀ ਪਿਤਾ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ ਜਲੰਧਰ ਸ਼ਹਿਰ ਵਿਚ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ-ਸਾਥੀ ਅਖੰਡ ਕੀਰਤਨੀ ਜਥੇ ਦੂਰੋਂ ਨੇੜਿਓਂ ਪੁਜਣਗੇ ਤੇ ਹਰਿ-ਜਸ ਕੀਰਤਨ ਦੇ ਛਾਂਦੇ ਭੁੰਚਣ ਭੁੰਚਾਣਗੇ। ਸਮੂਹ ਵੀਰ ਭੈਣਾਂ ਹਾਜ਼ਰੀਆਂ ਭਰ ਕੇ ਧੁਰ ਕੀ ਬਾਣੀ ਦੇ ਸੱਚੇ ਸੁੱਚੇ ਲਾਹੇ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

੧੨ ਨਵੰਬਰ ਸਵੇਰ ੫ ਵਜੇ ਅਰੰਭ ਸ੍ਰੀ ਅਖੰਡ ਪਾਠ ਲਾਇਲਪੁਰ ਖਾ: ਹਾ: ਸੈ: ਸਕੂਲ
੬ ਤੋਂ ੧੧ ਅਖੰਡ ਕੀਰਤਨ ਗੁਰਦਵਾਰਾ ਦੀਵਾਨ ਅਸਥਾਨ ਸੈਂਟਰਲ ਟਾਊਨ
ਸ਼ਾਮ ਸਾਢੇ ੬ ਤੋਂ ੯ ਸੋਦਰ ਤੇ ਕੀਰਤਨ ਗੁ: ਮਹੱਲਾ ਮਖਦੂਮਪੁਰ, ਨਕੋਦਰ ਰੋਡ
੧੩ ਨਵੰਬਰ ਸਵੇਰੇ ੫ ਤੋਂ ੧੦ ਕੀਰਤਨ ਆਸਾ ਦੀ ਵਾਰ ਗੁਰਦਵਾਰਾ ਮਾਡਲ ਹਾਊਸ
ਸ਼ਾਮ ਸਾਢੇ ੬ ਤੋਂ ੯ ਸੋਦਰ ਤੇ ਕੀਰਤਨ — ਲਾਇਲਪੁਰ ਖਾ: ਹਾ: ਸੈ: ਸਕੂਲ
੧੪ ਨਵੰਬਰ ਸਵੇਰੇ ੫ ਵਜੇ ਭੋਗ ਸ੍ਰੀ ਅਖੰਡ ਪਾਠ ਉਪਰੰਤ ੧੨ ਵਜੇ ਤਕ ਕੀਰਤਨ — " "
ਦੁਪਹਿਰ ਪਿਛੋਂ ਅੰਮ੍ਰਿਤ-ਸਿੰਚਾਰ ਸਮਾਗਮ — " "
ਸ਼ਾਮ ਨੂੰ ਸੋਦਰ ਤੋਂ ਉਪਰੰਤ ੮ ਵਜੇ ਰੈਣ ਸਬਾਈ ਕੀਰਤਨ ਅਰੰਭ — " "
੧੫ ਨਵੰਬਰ ਸਵੇਰੇ ਆਸਾ ਦੀ ਵਾਰ ਤੋਂ ਉਪਰੰਤ ੭ ਵਜੇ ਸਮਾਪਤੀ — " "

ਨਿਵਾਸ ਅਸਥਾਨ ਤੇ ਲੰਗਰ—ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ

ਨੋਟ—(੧) ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਓ ਜੀ। (੨) ਅਨੰਦ ਕਾਰਜ ਕਰਾਉਣ ਵਾਲੇ ਜੋੜੇ ਤਿਆਰ ਹੋ ਕੇ ਪੁਜਣ। (੩) ਸਟੇਸ਼ਨ ਤੇ ਬੱਸ-ਅੱਡੇ ਤੋਂ ਮਾਡਲ ਹਾਊਸ ਤੇ ਬਸਤੀ ਸ਼ੇਖਾਂ ਨੂੰ ਜਾਣ ਵਾਲੀਆਂ ਬੱਸਾਂ ਲਾਇਲਪੁਰ ਖਾ: ਹਾ: ਸੈ: ਸਕੂਲ ਦੇ ਅਗੋਂ ਲੰਘਦੀਆਂ ਹਨ।

ਪੁੱਛ ਗਿੱਛ :—੧. ਕਰਨਲ ਦਲਜੀਤ ਸਿੰਘ ਜੀ, ਮਿੱਠਾਪੁਰ, ਜਲੰਧਰ
੨. ਜਸਵੰਤਸਿੰਘ ਹਰਭਜਨਸਿੰਘ, ਚੌਕਭਗਤਸਿੰਘ, ਜਲੰਧਰ, ਫੋਨ ੭੫੨੧੨

ਪ੍ਰਾਰਥਕ ਦਾਸਰੇ
ਅਖੰਡ ਕੀਰਤਨੀ ਜਥਾ ਜਲੰਧਰ

---

# ਘਨਰਾਸ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਮ: ਉਜਾਗਰ ਸਿੰਘ ਜੀ ਫਰਵਾਲੀ ਡਾਕਘਰ ਲੋਹਟਬਦੀ (ਸੰਗਰੂਰ) ਇਤਲਾਹ ਦਿੰਦੇ ਹਨ ਕਿ ਪਿੰਡ ਘਨਰਾਸ ਜ਼ਿਲਾ ਲੁਧਿਆਣਾ ਵਿਖੇ ਭਾਈ ਧਰਮ ਸਿੰਘ ਜੀ ਦੇ ਗ੍ਰਿਹਿ ੧੧ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਦਰਸ਼ਨ ਬਖਸ਼ਣ ਤੇ ਲਾਹੇ ਪ੍ਰਾਪਤ ਕਰਨ। ਇਹ ਪਿੰਡ ਮੰਡੀ ਅਹਿਮਦਗੜ੍ਹ ਅਤੇ ਪਾਇਲ ਦੇ ਦਰਮਿਆਨ ਬੱਸ-ਅਡਾ ਹੈ।

---

# ਅਖੰਡ ਕੀਰਤਨੀ ਜਥਾ ਜੰਮੂ ਦੇ ਲੋਕਲ ਪ੍ਰੋਗਰਾਮ ਨਵੰਬਰ

ਭਾਈ ਭਜਨ ਸਿੰਘ ਜੀ ਪ੍ਰਤੀਨਿਧ ਅਖੰਡ ਕੀਰਤਨੀ ਜੱਥਾ ਜੰਮੂ ਇਤਲਾਹ ਦਿੰਦੇ ਹਨ ਕਿ ਜੰਮੂ ਵਿਚ ਹਰ ਸ਼ਨੀਵਾਰ ਦੀ ਰਾਤ ਨੂੰ ਹੇਠ ਲਿਖੇ ਅਨੁਸਾਰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

੪ ਨਵੰਬਰ ਭਾਈ ਮਹਿੰਦਰ ਸਿੰਘ ਜੀ ਦੇ ਗ੍ਰਿਹਿ, ਫਲੋਰ ਮਿਲ, ਪੁਲ ਤਵੀ
੧੧ ਨਵੰਬਰ ਭਾਈ ਮਾਲਕ ਸਿੰਘ ਜੀ, ਅਮਫਲਾ ਚੌਕ, ਸਾਹਮਣੇ ਸੈਂਟਰਲ ਜੇਲ੍ਹ
੧੮ ਨਵੰਬਰ ਭਾਈ ਹਰਬੰਸ ਸਿੰਘ ਜੀ, ਅਮਫਲਾ ਚੌਕ, ਸੈਂਟਰਲ ਜੇਲ੍ਹ ਦੇ ਪਿਛੇ
੨੫ ਨਵੰਬਰ ਭਾਈ ਹਰਭਜਨ ਸਿੰਘ ਜੀ, ਸਿੰਬਲ ਮੋੜ (ਨਵਾਂ ਸ਼ਹਿਰ ਰੋਡ ਤੇ)

www.AKJ.Org

# ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਸਿੰਚਾਰ

ਵੈਸਾਖੀ ਦੇ ਮਹਾਨ ਸ਼ਹੀਦਾਂ ਭਾਈ ਫੌਜਾ ਸਿੰਘ ਜੀ ਤੇ ਭਾਈ ਅਵਤਾਰ ਸਿੰਘ ਜੀ ਦੇ, ਸ਼ਹੀਦੀ ਤੋਂ ਕੁਝ ਚਿਰ ਪਹਿਲਾਂ ਉਲੀਕੇ ਪ੍ਰੋਗਰਾਮ ਅਨੁਸਾਰ ਪਿੰਡੋ ਪਿੰਡ ਗੁਰਮਤਿ ਪ੍ਰਚਾਰ ਕਰਨ ਲਈ ਨਵੰਬਰ ਦਾ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਬਣਾਇਆ ਗਿਆ ਹੈ। ਨੇੜੇ ਤੇ ਦੂਰ ਦੇ ਇਲਾਕੇ ਦੀਆਂ ਸੰਗਤਾਂ ਨੂੰ ਹਾਜ਼ਰੀਆਂ ਭਰਨ ਲਈ ਵਧ ਤੋਂ ਵਧ ਪ੍ਰੇਰਨਾ ਕੀਤੀ ਜਾਵੇ।

ਨਵੰਬਰ ੧—ਜ਼ਿਲਾ ਗੁਰਦਾਸਪੁਰ ਦੇ ਪਿੰਡ ਅਰਲੀਭਨ ਕਲਾਨੌਰ ਲਾਗੇ, ੨—ਦਰਗਾਹਬਾਦ ਤਸੀਲ ਬਟਾਲਾ, ੩—ਧੰਦੋਈ (ਬਟਾਲਾ ਤੋਂ ਸ੍ਰੀ ਹਰਿਗੋਬਿੰਦ ਰੋਡ), ੪—ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਪਿੰਡ ਉਦੋਵਾਲੀ (ਡੇਰਾ ਬਾਬਾ ਨਾਨਕ ਰੋਡ ਸਕਾਰ ਮਾਛੀਆਂ ਵਲ)। ਨਵੰਬਰ ੫—ਜ਼ਿਲਾ ਅੰਮ੍ਰਿਤਸਰ ਦੇ ਪਿੰਡ ਉਗਲ ਔਲਖ (ਅਜਨਾਲਾ ਰੋਡ), ੬—ਰਿਆੜ (ਨੇੜੇ ਅਜਨਾਲਾ) ੭—ਛੀਨਾ (ਨੇੜੇ ਉਮਰ ਪੁਰਾ), ੮—ਅਜਨਾਲਾ, ੯—ਨਿਬਰ ਵਿੰਡ (ਮਹਿਤਾ ਰੋਡ)। ਨਵੰਬਰ ੧੦—ਘੁਮਾਣ ਜ਼ਿਲਾ ਗੁਰਦਾਸਪੁਰ ਮੇਲਾ ਭਗਤ ਨਾਮਦੇਵ ਜੀ; ੧੧—ਜਲਾਲ ਉਸਮਾ (ਅੰਮ੍ਰਿਤਸਰ) ੧੨—ਮੰਨਣ (ਜਲੰਧਰ)।

ਨਵੰਬਰ ੧੩ ਤੋਂ ੧੫ ਨਿਰੰਕਾਰੀ ਗੁਰਪੁਰਬ ਜਲੰਧਰ ਦਾ ਪ੍ਰੋਗਰਾਮ।

ਨਵਬਰ ੧੬—ਘਰਿੰਡਾ ਜ਼ਿਲਾ ਅੰਮ੍ਰਿਤਸਰ (ਅਟਾਰੀ ਰੋਡ) ੧੭—ਗੁਮਾਨਪੁਰ ਨੇੜੇ ਭੈਣੀ ਬਾਸਰ ਕੇ (ਅੰਮ੍ਰਿਤਸਰ), ੧੮—ਕਾਦੀਆਂ (ਗੁਰਦਾਸਪੁਰ), ੧੯—ਨੈਨੋ ਕੋਟ ਕਾਹਨੂਵਾਨ ਲਾਗੇ (ਗੁਰਦਾਸਪੁਰ), ੨੦—ਸਲੋਪੁਰ ਕਲਾਂ (ਕਾਹਨੂਵਾਨ ਬਲਾਕ), ੨੧—ਮੁੱਲਾਂਵਾਲ (ਕਾਹਨੂਵਾਲ ਬਲਾਕ), ੨੨—ਓੜ੍ਹਪੁਰ ਨੇੜੇ ਉੜਮੁੜ ਟਾਂਡਾ (ਹੁਸ਼ਿਆਰਪੁਰ), ੨੩—ਉੜਮੁੜ ਟਾਂਡਾ ਬਾਈਪਾਸ ਨੇੜੇ ਗੌਰਮਿੰਟ ਕਾਲਜ ਸਾਇੰਸ ਬਲਾਕ ਵਿਚ ਸ੍ਰੀ ਅਖੰਡਪਾਠ, ੨੪—ਮੂਨ ਕਲਾਂ (ਹੁਸ਼ਿਆਰਪੁਰ) ਗੁ: ਟਾਹਲੀ ਸਾਹਿਬ ਪਾ: ਛੇਵੀਂ, ੨੫—ਉੜਮੁੜ ਟਾਂਡਾ ਬਾਈਪਾਸ ਰੈਣ ਸਬਾਈ ਕੀਰਤਨ, ੨੭—ਘਲੂਘਾਰਾ (ਕਾਹਨੂਵਾਨ), ੨੮—ਭੁਲੇ ਚੱਕ ਨੇੜੇ ਗੁਰਦਾਸਪੁਰ, ੨੯—ਪਾੜ੍ਹੇ (ਗੁਰਦਾਸਪੁਰ), ੩੦—ਮਲ੍ਹੀਆਂ ਬਹਿਰਾਮਪੁਰ ਨੇੜੇ (ਗੁਰਦਾਸਪੁਰ)।

ਦਸੰਬਰ ੧—ਖਾਲਸਾ ਫਾਰਮ ਦਰਿਆ ਰਾਵੀ ਤੋਂ ਪਾਰ।

ਨੋਟ:—ਪਿੰਡਾਂ ਵਿਚ ਸ਼ਾਮ ਨੂੰ ੭ ਤੋਂ ੧੦ ਅਤੇ ਸਵੇਰੇ ੪ ਤੋਂ ੮ ਤਕ ਪ੍ਰੋਗਰਾਮ ਹੋਣਗੇ। ਹਰੇਕ ਪਿੰਡ ਵਿਚ ਜਥਾ ਦਿਨੇ ੧੧ ਵਜੇ ਤਕ ਪੁਜ ਕੇ ਪਹਿਲਾਂ ਗੁਰਦੁਆਰੇ ਬਾਰੇ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਬਾਰੇ ਪੜਤਾਲ ਕਰੇਗਾ। ਲੋੜ ਅਨੁਸਾਰ ਬਿਰਧ ਸਰੂਪਾਂ ਦੀ ਸੰਭਾਲ ਦਾ ਪਰਬੰਧ ਕਰੇਗਾ। ਪ੍ਰੋਗਰਾਮਾਂ ਵਿਚ ਸਮੇਂ ਅਨੁਸਾਰ ਸ਼ਸਤਰ ਵਿਦਿਆ ਦਾ ਅਭਿਆਸ ਹੋਵੇਗਾ। ਆਮ ਤੌਰ ਤੇ ਪ੍ਰੋਗਰਾਮ ਪਿੰਡ ਦੇ ਗੁਰਦੁਆਰੇ ਵਿਖੇ ਹੋਵੇਗਾ।

ਪੁੱਛ ਗਿੱਛ—੧. ਮਾਸਟਰ ਨਿਰੰਜਨ ਸਿੰਘ ਜੀ, ਮੇਹਰਚੰਦ ਰੋਡ, ਗੁਰਦਾਸਪੁਰ,
੨. ਬੀਬੀ ਅਮਰਜੀਤ ਕੌਰ ਜੀ, ੩. ਮਾਸਟਰ ਜਸਵੰਤ ਸਿੰਘ ਜੀ, ੫੪੨-ਈਸਟ ਮੋਹਨ ਨਗਰ, ਅੰਮ੍ਰਿਤਸਰ

**ਦਾਸਰੇ—ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਸ੍ਰੀ ਅੰਮ੍ਰਿਤਸਰ**

---

# ਕਾਨਪੁਰ ਵਿਚ ਸਾਲਾਨਾ ਅਖੰਡ ਕੀਰਤਨ ਸਮਾਗਮ

ਕਾਨਪੁਰ ਵਿਖੇ ਖੂਨੀ ਸਾਕਾ ਵਰਤ ਜਾਣ ਕਰ ਕੇ ਪ੍ਰੋਗਰਾਮ ਦੀਆਂ ਤਰੀਕਾਂ ਵਿਚ ਤਬਦੀਲੀ ਹੋ ਗਈ ਹੈ। ਵੇਰਵੇ ਸਹਿਤ ਪ੍ਰੋਗਰਾਮ ਹੇਠ ਲਿਖੇ ਪਤੇ ਤੋਂ ਲਓ—

ਭਾਈ ਮੋਹਨ ਸਿੰਘ ਗਾਰਡ, L-150 B, N.E. Rly Colony, ਅਨਵਰਗੰਜ ਸਟੇਸ਼ਨ, ਕਾਨਪੁਰ

---

# ਭਾਗੋਮਾਜਰਾ ਡਾਕਘਰ ਰੁੜਕੀ ਪੱਕੀ (ਰੋਪੜ) ਵਿਖੇ ਰੈਣ ਸਬਾਈ ਕੀਰਤਨ

ਭਾਈ ਅਜਮੇਰ ਸਿੰਘ ਜੀ ਸੰਗਤਾਂ ਦੀ ਸੇਵਾ ਵਿਚ ਬਿਨੈ ਕਰਦੇ ਹਨ ਕਿ ਚਾਰ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਕੀਰਤਨ ਹੋ ਰਹੇ ਹਨ; ਦਰਸ਼ਨ ਦੇ ਕੇ ਨਿਵਾਜੋ ਜੀ।

www.AKJ.Org

# ਤ ਤ ਕ ਰਾ


| | | |
|---|---|---|
| ਨਿਰੰਕਾਰੀ ਸਰੂਪਾ ਗੁਰੂ ਨਾਨਕ ਨਿਰੰਕਾਰੀ | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਖਾਲਸੇ ਦਾ ਸਦੀਵੀ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ | ੬ |
| ਗੁਰਮਤਿ ਤੇ ਸਰਾਧ | ਗਿਆਨੀ ਜਗਤਾਰ ਸਿੰਘ ਜੀ | ੧੦ |
| ਗੁਰਮਤਿ ਪ੍ਰਚਾਰ—ਸਾਡੇ ਅਖਬਾਰਾਂ ਰਾਹੀਂ | ਸ: ਗੁਰਬਖਸ਼ ਸਿੰਘ ਜੀ | ੧੩ |
| ਅਬ ਕਲੂ ਆਇਓ ਰੇ ਇਕੁ ਨਾਮੁ ਬੋਵਹੁ ਬੋਵਹੁ | ਗਿ: ਗੋਪਾਲ ਸਿੰਘ ਜੀ ਮਿਤਰ | ੧੪ |
| ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ (੭) | ਕੈਪਟਨ ਸਵਰਨ ਸਿੰਘ ਜੀ | ੧੭ |
| ਸਿੰਘ ਸਜੇ ਸੁਹਣਾ ਜੇਕਰ ਦਾੜ੍ਹਾ ਪ੍ਰਕਾਸ਼ ਹੋਵੇ (ਕਵਿਤਾ) | ਸ: ਗੁਰਮੀਤ ਸਿੰਘ ਜੀ S.D.O. | ੨੩ |
| **ਕਾਨਪੁਰ ਖ਼ੂਨੀ ਕਾਂਡ ਲਈ ਪੁਲਸ ਜ਼ਿਮੇਵਾਰ** | ਸ: ਹੁਕਮ ਸਿੰਘ ਕਮੇਟੀ | ੨੪ |
| ਕਾਨਪੁਰ ਦੇ ਸ਼ਹੀਦਾਂ ਤੇ ਫਟੜਾਂ ਦੇ ਨਾਮ ਪਤੇ | 'ਸੂਰਾ' ਪਰਵਾਰ | ੨੬ |
| ਜੀਵਨੀਆਂ—ਸ਼ਹੀਦ ਭਾਈ ਜਗਜੀਤ ਸਿੰਘ ਜੀ ੨੮ | ਸ਼ਹੀਦ ਭਾਈ ਕਿਸ਼ਨ ਸਿੰਘ ਜੀ | ੨੯ |
| ਸ਼ਹੀਦ ਬਾਬਾ ਕਸ਼ਮੀਰਾ ਸਿੰਘ ਜੀ ੩੦ | ਸ਼ਹੀਦ ਸਰਦਾਰਨੀ ਦਰਸ਼ਨ ਕੌਰ ਜੀ | ੩੧ |
| ਸ਼ਹੀਦ ਭਾਈ ਮਨਮੋਹਨ ਸਿੰਘ ਜੀ ੩੨ | ਸ਼ਹੀਦ ਭਾਈ ਹਰਚਰਨ ਸਿੰਘ ਜੀ | ੩੨ |
| ਸਹੀਦ ਭਾਈ ਗੁਰਜੀਤ ਸਿੰਘ ਜੀ ੩੩ | ਸ਼ਹੀਦ ਕਾਕਾ ਬਲਵੰਤ ਸਿੰਘ ਜੀ | ੩੪ |
| ਡੰਮੀ ਗੁਰੂਆਂ ਨੇ ਬੜਾ ਡੰਮ ਹੈ ਖਿਲਾਰਿਆ (ਕਵਿਤਾ) | ਸ: ਪਿਆਰਾ ਸਿੰਘ ਜੀ ਨਿਰਛਲ | ੩੪ |
| ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਸਿੱਖ ਲੀਡਰਾਂ ਨੂੰ ਬਿਨੈ | — — — | ੩੫ |
| ਕਾਨਪੁਰ ਖੂਨੀ ਕਾਂਡ ਸਬੰਧੀ ਹਮਦਰਦੀ ਤੇ ਰੋਸ-ਪਤਰ | — — — | ੩੫ |
| ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ (੪) | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੩੬ |


| | |
|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੱਦੀ ਨੰਦੇੜ | ੨ ਨਵੰਬਰ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ | ੫ ਨਵੰਬਰ |
| ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ | ੧੪ ਨਵੰਬਰ |

## "ਜੇਲ੍ਹ ਚਿੱਠੀਆਂ" ਪੁਸਤਕ ਛਪ ਗਈ

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪਰਸਿਧ ਪੁਸਤਕ 'ਜੇਲ੍ਹ ਚਿੱਠੀਆਂ' ਛਪ ਗਈ ਹੈ। ਮੁਕੰਮਲ ਤਿੰਨੇ ਭਾਗ ਪੂਰੀ ਤਰਤੀਬ ਵਿਚ ਕਰ ਦਿਤੇ ਗਏ ਹਨ। ਵਡੇ ਅਕਾਰ ਵਿਚ ਸੁੰਦਰ ਛਪਾਈ ਤੇ ਵਧੀਆ ਜਿਲਦ ਨਾਲ ਤਿਆਰ ਹੈ। ਪੁਸਤਕ ਦੀ ਭੇਟਾ ਲਾਗਤ ਮਾਤਰ ੧੨-੫੦, ਡਾਕ ਖਰਚ ਸਮੇਤ ੧੬—੦੦ ਹੈ।

ਆਪਣੇ ਲਈ ਲੁੜੀਂਦੀ ਕਾਪੀ ਛੇਤੀ ਹੀ ਮੰਗਵਾ ਲਵੋ ਜੀ।

ਭਾਈ ਸਾਹਿਬ ਰਚਿਤ ਗੁਰਮਤਿ ਸਬੰਧੀ ਲੇਖਾਂ ਦੀਆਂ ਵੀ ਤਿੰਨ ਪੁਸਤਕਾਂ ਨਵੀਂ ਤਰਤੀਬ ਵਿਚ ਛਪ ਕੇ ਤਿਆਰ ਹਨ :—

ਗੁਰਮਤਿ ਵਿਚਾਰ ੫—੫੦, ਗੁਰਮਤਿ ਲੇਖ ੫—੫੦, ਗੁਰਮਤਿ ਪ੍ਰਕਾਸ਼ ੩—੭੫

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਾਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ
ਸਮੁੰਦਰੀ ਡਾਕ ੧੮-੫੦

ਹਵਾਈ ਡਾਕ
ਅਰਬ, ਮਲਾਇਆ ੩੫-੦੦
ਯੂ. ਕੇ , ਅਫ਼ਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੨ ਨਵੰਬਰ ੧੯੭੮ ਅੰਕ ੧੧


## ਨਿਰੰਕਾਰੀ ਸਰੂਪਾ ਗੁਰੂ ਨਾਨਕ ਨਿਰੰਕਾਰੀ

### ਸ਼ਰਧਾਵਾਨ ਸਿੱਖਾਂ ਲਈ ਸਦਾ ਹਾਜ਼ਰ ਨਾਜ਼ਰ

[ ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥
[ਸੂਹੀ ਅਸਟ: ਮ: ੪, ਪੰਨਾ ੭੫੯

ਗੁਰਵਾਕ ਅਨੁਸਾਰ ਕਲਾਧਾਰੀ ਗੁਰੂ ਨਾਨਕ ਸਾਹਿਬ, ਜਿਹਾ ਕਿ ਨਿਰੰਕਾਰੀ ਦੇਹ ਧਾਰਨ ਦੇ ਸਮੇਂ ਸ਼ਰਧਾਵਾਨ ਗੁਰਸਿੱਖਾਂ ਪ੍ਰਤੀ ਸਦਾ ਹੀ ਹਾਜ਼ਰ ਨਾਜ਼ਰ ਸਨ, ਓਸੇ ਪ੍ਰਕਾਰ ਹੀ ਹੁਣ ਭੀ ਗੁਰੂ ਨਾਨਕ ਸਾਹਿਬ ਸਦਾ ਹੀ ਦ੍ਰਿਸ਼ਮਾਨ ਹਨ। ਪਰੰਤੂ ਉਨ੍ਹਾਂ ਗੁਰਸਿਖਾਂ ਲਈ ਦ੍ਰਿਸ਼ਮਾਨ ਹਨ ਜੋ ਨਾਨਕ ਨਿਰੰਕਾਰੀ ਉਤੇ ਪੁਰਾਤਨ ਸਿੰਘਾਂ ਵਾਲੀ ਸ਼ਰਧਾ-ਭਾਵਨੀ ਰਖਦੇ ਹਨ। ਭਾਈ ਗੁਰਦਾਸ ਜੀ ਦੇ ਮਹਾਂ ਵਾਕ ਅਨੁਸਾਰ—

ਥੰਮੇ ਕੋਇ ਨ ਸਾਧ ਬਿਨੁ, ਸਾਧੁ ਨ ਦਿਸੈ ਜਗ ਵਿਚਿ ਕੋਆ ॥
ਵਾਰ ੧, ਪਉੜੀ ੨੨

ਕੇਵਲ ਗੁਰੂ ਨਾਨਕ ਸਾਹਿਬ ਹੀ ਸਾਰੇ ਜਗਤ ਨੂੰ ਉਧਾਰਨ ਉਭਾਰਨ ਦਾ ਥੰਮ ਹੋਏ ਹਨ । ਗੁਰੂ ਨਾਨਕ ਜੀ ਦੇ ਨਿਰੰਕਾਰੀ ਸਰੂਪ ਬਿਨਾਂ ਨਾ ਕੋਈ ਗੁਰੂ ਰੂਪ ਸਾਧ ਹੋਇਆ ਨਾ ਹੋਵੇਗਾ । ਸਤਿਗੁਰੂ ਨਾਨਕ

www.AKJ.Org

ਦੇਵ ਜੀ ਹੀ ਸੱਚੇ ਸਤਿਗੁਰੂ ਹੋਏ ਹਨ, ਜੋ ਧੁਰੋਂ ਧੁਰ ਦਰਬਾਰੋਂ ਅਜ਼ਲੀ ਅਬਦੀ ਗੁਰੂ ਥਾਪੇ ਗਏ ਹਨ। ਸੱਚੇ ਸਤਿਗੁਰੂ ਦੀ ਪਦਵੀ ਕੇਵਲ ਗੁਰੂ ਨਾਨਕ ਨਿਰੰਕਾਰੀ ਜੀ ਨੂੰ ਹੀ ਪ੍ਰਾਪਤ ਹੈ।

ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥

[ਆਸਾ ਮ: ੩, ਪੰਨਾ ੪੩੫

ਦੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਨਾਨਕ ਸੱਚੇ ਸਤਿਗੁਰ ਬਾਝੋਂ ਨਾ ਕੋਈ ਗੁਰੂ ਹੋਇਆ ਹੈ ਨਾ ਕੋਈ ਹੋਵੇਗਾ। ਸਭ ਨਿਗੁਰੇ ਹੀ ਹਨ, ਐਵੇਂ ਆਪੋਂ ਹੀ ਗੁਰੂ ਬਣ ਬਣ ਬਹਿੰਦੇ ਹਨ। ਸੱਚੀ ਗੁਰੱਤਤਾ ਵਾਲੀ ਨੀਸ਼ਾਨੀ ਕਿਸੇ ਅੰਦਰ ਵੀ ਨਹੀਂ ਹੈ। ਭੂਤ ਭਵਿੱਖਤ ਦੇ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਸ ਮਹਾਂ ਵਾਕ ਅਨੁਸਾਰ—

ਘਰਿ ਘਰਿ ਹੋਇ ਬੈਠ ਹੈਂ ਰਾਮਾ ॥ ਤਿਨ ਤੇ ਸਰੇ ਨਾ ਕੋਉ ਕਾਮਾ ॥੧੨।

[ਦਸਮ ਗ੍ਰੰਥ, ਕਲਕੀ ਅਵਤਾਰ

ਜਦੋਂ ਗੁਰੂ ਦਸਮੇਸ਼ ਜੀ ਦੇ ਪਰਤੱਖ ਹੋਂਦਿਆਂ ਡਿੰਭੀ ਗੁਰੂਆਂ ਦੀਆਂ ੨੨ ਮੰਜੀਆਂ ਲਗ ਗਈਆਂ ਤਾਂ ਗੁਰੂ ਸਾਹਿਬ ਨੇ ਸੋਚਿਆ ਕਿ ਕਾਲੇ ਬੋਲੇ ਆਵਣ ਵਾਲੇ ਕਲੀਕਾਲ ਸਮੇਂ ਅਜਿਹੇ ਡਿੰਭੀ ਗੁਰੂ, ਆਪਣੇ ਆਪ ਨੂੰ ਗੁਰੂ ਸਦਾਵਣ ਵਾਲੇ ਅਨੇਕਾਂ ਹੀ ਹੋ ਬੈਠਣਗੇ, ਪਰੰਤੂ ਤਿਨ੍ਹਾਂ ਤੋਂ ਸੱਚੀ ਗੁਰੱਤਤਾ ਵਾਲਾ ਕੋਈ ਕਾਜ ਸਰੇ ਸੰਵਰੇਗਾ ਨਹੀਂ। ਤਾਂ ਸਮਰੱਥ ਸਤਿਗੁਰੂ ਦਸਮੇਸ਼ ਜੀ ਨੇ ਹਮੇਸ਼ਾ ਲਈ ਇਹ ਧੁਰਵਾ ਬੰਨ੍ਹ ਦਿਤਾ ਕਿ "ਆਦਿ ਅੰਤਿ ਏਕੈ ਅਵਤਾਰਾ"। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਪੰਜਾਂ ਪਿਆਰਿਆਂ ਅੰਦਰ ਹੀ ਗੁਰੂ ਅਕਾਲ ਪੁਰਖ ਵਾਹਿਗੁਰੂ ਦੇ ਸਰੂਪ ਵਾਲੀ ਸੱਚੀ ਕਲਾ ਵਰਤੇਗੀ। ਏਸ ਗੱਲ ਨੂੰ ਹੀ ਜਾਂਚ ਕੇ ਸ੍ਰੀ ਗੁਰੂ ਕਲਗੀਧਰ ਜੀ ਨੇ ਦੇਹਧਾਰੀ ਗੁਰੂਆਂ ਵਾਲਾ ਸਿਲਸਿਲਾ ਹੀ ਖ਼ਤਮ ਕਰ ਦਿਤਾ। ਪੰਜਾਂ ਪਿਆਰਿਆਂ ਵਿਚੋਂ ਕੋਈ ਇਕੱਲਾ ਪਿਆਰਾ ਆਪਣੇ ਆਪ ਨੂੰ ਗੁਰੂ ਦੀ ਪਦਵੀ ਨਹੀਂ ਦੇ ਸਕਦਾ। ਪੰਜਾਂ ਪਿਆਰਿਆਂ ਦੀ ਸੰਮਿਲਤ ਸੱਚੀ ਪ੍ਰਮਾਰਥੀ ਕਲਾ ਕੌਸ਼ਲ ਅੰਦਰ ਹੀ ਸੱਚੀ ਗੁਰੱਤਤਾ ਵਾਲੀ ਸੱਚੀ ਕਲਾ ਵਰਤੇਗੀ ਅਤੇ ਅਜ਼ਲ ਅੱਬਦੀ ਤਾਈਂ ਵਰਤਦੀ ਰਵ੍ਹੇਗੀ। ਦਸਾਂ ਪਾਤਸ਼ਾਹੀਆਂ ਪਿਛੋਂ ਦੇਹਧਾਰੀ ਗੁਰੂਆਂ ਦੀ ਸਦਾਵਣ ਵਾਲੀ ਗੁਰੂ-ਡੰਮ ਸਮਾਪਤ ਹੋ ਗਈ। ਸਤਿਗੁਰੂ ਨਾਨਕ ਨਿਰੰਕਾਰੀ ਬਾਝੋਂ ਸਭ ਨਿਗੁਰੇ ਨਿਗੁਸਾਏਂ ਡਿੰਭੀ ਗੁਰੂ ਹਨ। ਸੱਚੇ ਸਤਿਗੁਰੂ ਦੀ ਪਹਿਲੀ ਸੱਚੀ ਨਿਸ਼ਾਨੀ ਇਹ ਹੈ ਕਿ ਉਹ ਧੁਰੋਂ, ਧੁਰ ਦਰਬਾਰੋਂ ਬਖਸ਼ੇ ਹੋਏ ਨਾਮ-ਸੰਪੰਨ ਹੋਣਗੇ। ਹੋਰ ਸਭ ਨਾਮ-ਹੀਣੇ ਮੀਣੇ ਡਿੰਭੀ ਗੁਰੂ ਹੀ ਹਨ, ਨਾਮ ਦੀ ਪ੍ਰਾਪਤੀ ਬਿਨਾਂ ਹੀ ਗੁਰੂ ਬਣ ਬਣ ਬਹਿੰਦੇ ਹਨ। ਇਹ ਨਾਮ, ਸੱਚੜਾ ਨਾਮ ਗੁਰੂ ਨਾਨਕ ਬਾਝੋਂ ਨਾ ਕਿਸੇ ਨੂੰ ਪ੍ਰਾਪਤ ਹੋਇਆ ਹੈ ਨਾ ਪ੍ਰਾਪਤ ਹੋਵੇਗਾ।

ਗੁਰੂ ਨਾਨਕ ਨਿਰੰਕਾਰੀ ਸਦਾ ਹੀ ਹਾਜ਼ਰ ਨਾਜ਼ਰ ਸ਼ਰਧਾ ਵਾਲੇ ਗੁਰਸਿਖਾਂ ਦੇ ਅੰਗ ਸੰਗ ਹਨ। ਮਤ ਜਾਣੋ ਕਿ ਨਿਰੰਕਾਰੀ ਦੇਹ ਧਾਰਨ ਸਮੇਂ ਹੀ ਗੁਰੂ ਨਾਨਕ ਸਾਹਿਬ ਗੁਰਸਿੱਖਾਂ ਨੂੰ ਦਰਸ ਦਿਖਾਵਣਹਾਰੇ ਸਨ; ਹੁਣ ਵੀ ਉਸੇ ਪ੍ਰਕਾਰ ਹੀ ਹਨ। ਕਿਤੇ ਗਏ ਨਹੀਂ, ਹਰ ਥਾਂ ਸਰਬ ਵਿਆਪਕ ਹਨ। ਗੁਰੂ ਨਾਨਕ ਨਿਰੰਕਾਰੀ ਨੂੰ ਆਵਣ ਜਾਣ ਵਾਲੇ ਚੁਰਾਸੀ ਦੇ ਗੇੜ ਵਾਲੇ ਗੁਰੂ ਸਮਝਣਾ ਅਲਪੱਗ ਬੁੱਧੀ ਵਾਲੇ ਸਿੱਖਾਂ ਦਾ ਕੰਮ ਹੈ। ਸਰਬੱਗਤਾ ਦੀ ਪਹੁੰਚ ਨੂੰ ਪਹੁੰਚੇ ਹੋਏ ਗੁਰੂ ਦੇ ਬਖਸ਼ੇ ਹੋਏ ਲਾਲ ਹੁਣ ਭੀ ਹਰ ਦਮ ਗੁਰੂ ਨਾਨਕ ਨਿਰੰਕਾਰੀ ਨੂੰ ਨਿਕਟਵਰਤੀ ਤੇ ਸਰਬ-ਵਿਆਪੀ ਹੀ ਸਮਝਦੇ ਹਨ। ਤਿਨ੍ਹਾਂ ਬਖ਼ਸ਼ੇ ਹੋਏ ਗੁਰੂ ਕੇ ਲਾਲ ਗੁਰਸਿਖਾਂ ਨੂੰ ਹੁਣ ਭੀ ਗੁਰੂ ਨਾਨਕ ਨਿਰੰਕਾਰੀ ਓਸੇ ਪ੍ਰਕਾਰ ਹੀ ਦਰਸ਼ਨ-ਦੀਦਾਰ ਦਿਖਾਉਂਦੇ ਹਨ ਅਤੇ ਹਰ ਦਮ ਦਿਖਾਉਂਦੇ ਰਹਿੰਦੇ ਹਨ, ਜਿਸ ਪ੍ਰਕਾਰ ਕਿ ਅਗੇ ਭੀ ਦਿਖਾਉਂਦੇ ਰਹਿੰਦੇ ਸਨ। ਗੁਰੂ ਨਾਨਕ ਸਾਹਿਬ



www.AKJ.Org

ਜੀ ਨਿਰੰਕਾਰ ਦਾ ਸਰੂਪ ਹੁੰਦੇ ਹੋਏ ਸਦਾ ਹੀ ਅਬਿਨਾਸ਼ੀ ਪੁਰਖ ਹਨ। ਉਹ ਆਵਣ ਜਾਣ ਅੰਦਰ ਹੈ ਹੀ ਨਹੀਂ।

ਸੱਚਾ ਸਾਧ ਗੁਰੂ, ਗੁਰੂ ਨਾਨਕ ਬਾਝੋਂ ਹੋਰ ਕੋਈ ਭੀ ਆਪਣੇ ਆਪ ਨੂੰ ਨਹੀਂ ਕਹਾ ਸਕਦਾ । ਇਹ ਸੱਚਾ ਮਰਤਬਾ ਸੱਚੀ ਗੁਰੱਤਤਾ ਵਾਲਾ ਕੇਵਲ ਗੁਰੂ ਨਾਨਕ ਨਿਰੰਕਾਰੀ ਨੂੰ ਹੀ ਧੁਰੋਂ ਦਰਗਾਹੋਂ ਅਰਪਨ ਹੋਇਆ ਹੈ। ਥਾਉਂ ਥਾਈਂ ਨਾਮ-ਹੀਣੇ ਮੀਣੇ ਗੁਰੂ ਜੋ ਬਣ ਬਣ ਬਹਿੰਦੇ ਹਨ; ਉਹ ਸੱਚੀ ਗੁਰੱਤਤਾ ਦੀ ਕਲਾ ਤੋਂ ਬਿਲਕੁਲ ਖ਼ਾਲੀ ਹਨ। ਗੁਰੂ ਨਾਨਕ ਨਿਰੰਕਾਰੀ ਸੱਚੇ ਧੁਰ ਦਰਬਾਰੀ ਗੁਰੂ ਹਨ । ਹੋਰ ਕੂੜਾਵੇ ਗੁਰੂ ਚਾਹੇ ਕਿਤਨੇ ਹੀ ਦੁਨਿਆਵੀ ਅਡੰਬਰ ਸਾਜੀ ਫਿਰਨ, ਗੁਰੂ ਨਾਨਕ ਸਾਹਿਬ ਦੀ ਸਦਰਸ਼ਤਾ ਨੂੰ ਪ੍ਰਾਪਤ ਨਹੀਂ ਹੋ ਸਕਦੇ। ਦੁਨਿਆਵੀ ਮਨੋਰਥਾਂ ਨੂੰ ਪੂਰਨ ਕਰਨਹਾਰੇ ਮਨੁੱਸ਼ ਐਵੇਂ ਅਤੇ ਨਿਸਫਲ ਹੀ ਵਡ-ਅਡੰਬਰੀ ਇਨ੍ਹਾਂ ਆਪੇਂ ਬਣ ਬੈਠੇ ਡਿੰਭੀ ਗੁਰੂਆਂ ਨੂੰ ਗੁਰੂ ਮੰਨੀ ਬੈਠੇ ਹਨ, ਹਾਲਾਂਕਿ ਇਨ੍ਹਾਂ ਅੰਦਰ ਰੰਚਕ ਮਾਤਰ ਭੀ ਸੱਚੀ ਗੁਰੱਤਤਾ ਵਾਲੀ ਕਲਾ ਨਹੀਂ । ਅਜਿਹੇ ਅਡੰਬਰੀ, ਮੀਣੇ, ਨਾਮ-ਹੀਣੇ ਡਿੰਭੀ ਗੁਰੂ ਅੰਤ ਨੂੰ ਪਛਤਾਵਣਗੇ ਅਤੇ ਮੂੰਹੋਂ ਮੂੰਹ ਚੋਟਾਂ ਖਾਣਗੇ। ਇਨ੍ਹਾਂ ਨੂੰ ਅਗੇ ਜਾ ਕੇ ਸੱਚੀ ਦਰਗਾਹੇ ਮੁਦਗਰਾਂ ਦੀ ਮਾਰ ਪਵੇਗੀ। ਫਿਰ ਇਹ ਬਿਲਲਾਵਣਗੇ ਤੇ ਚੀਖਣਗੇ, ਪਰ ਇਨ੍ਹਾਂ ਦੀ ਚੀਖ ਪੁਕਾਰ ਸੁਣਨ ਵਾਲਾ ਕੋਈ ਨਹੀਂ ਹੋਵੇਗਾ। ਜਿਨ੍ਹਾਂ ਪੁਰਸ਼ਾਂ ਉਤੇ ਇਹ ਲੋਗ ਡਿੰਭੀ ਗੁਰੂ ਬਣਨ ਦਾ ਡਿੰਭ ਧਾਰੀ ਫਿਰਦੇ ਹਨ, ਓਹੀ ਪੁਰਸ਼ ਪਲਟੇ ਵਜੋਂ ਇਨ੍ਹਾਂ ਨੂੰ ਮੁਦਗਰਾਂ ਦੀ ਮਾਰ ਮਾਰਨਗੇ। ਪਰੰਤੂ ਡਿੰਭੀ ਗੁਰੂ ਬਣਨ ਦਾ ਚਸਕਾ ਇਤਨਾ ਪ੍ਰਬਲ ਹੈ ਕਿ ਬਿਨਾਂ ਗੁਰੱਤਤਾ ਵਾਲੀ ਕਲਾ ਦੇ ਹੋਂਦਿਆਂ ਵੀ ਇਹ ਡਿੰਭੀ ਪੁਰਸ਼ ਗੁਰੂ ਨਾਨਕ ਸਾਹਿਬ ਦੀ ਹਮਸਰੀ ਕਰਦੇ ਹਨ। ਸਰਬ ਕਲਾ ਸਮਰੱਥ ਗੁਰੂ ਨਾਨਕ ਨਿਰੰਕਾਰੀ ਹੀ ਕੇਵਲ ਐਸਾ ਸਮਰੱਥ ਗੁਰੂ ਹੈ, ਜੋ ਜਹਾਂ ਤਹਾਂ ਹਰ ਸਮੇਂ ਹਰ ਜਗ੍ਹਾ ਜ਼ਹੂਰ ਪਜੀਰ ਹੈ ਅਤੇ ਆਪਣੇ ਉਪਰ ਸ਼ਰਧਾ ਰਖਣ ਕਰਨ ਵਾਲੇ ਗੁਰਸਿੱਖਾਂ ਦੀ ਹਰ ਬਾਬ ਰਖਿਆ ਕਰਦਾ ਹੈ ਅਤੇ ਹਰ ਪ੍ਰਕਾਰ ਦੀ ਅਪਦਾ ਤੋਂ ਛੁਡਾਇ ਲੈਂਦਾ ਹੈ। ਉਹ ਲੋਕ ਬੜੇ ਹੀ ਭੁਲੇਖੇ ਵਿਚ ਹਨ ਜੋ ਗੁਰੂ ਨਾਨਕ ਸਾਹਿਬ ਨੂੰ ਦੂਰ ਜਾਣਦੇ ਹਨ ਅਤੇ ਹਾਜ਼ਰ ਹਜ਼ੂਰ ਨਹੀਂ ਮੰਨਦੇ । ਉਹ ਸਮਝਦੇ ਹਨ ਕਿ ਡਿੰਭਤਾ ਵਾਲੀ ਦੇਹ ਧਾਰਨ ਵਿਚ ਹੀ ਫਰਜ਼ੀ ਗੁਰੱਤਤਾ ਹੈ। ਇਹ ਤਿਨ੍ਹਾਂ ਹੀ ਸਮਝ ਨਹੀਂ, ਕੁਸਮਝ ਹੈ, ਜਿਸ ਦਾ ਪਾਜ ਅੰਤ ਕਾਲ ਉਘੜ ਜਾਣਾ ਹੈ ਅਤੇ ਉਘੜ ਕੇ ਰਹੇਗਾ।

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥੨॥(੧੦)

[ਵਾਰ ਸੋਰਠਿ, ਮ: ੩, ਪੰਨਾ ੬੪੯

ਵਾਲੇ ਗੁਰਵਾਕ ਦੇ ਭਾਵ ਅਨੁਸਾਰ ਇਕ ਸਮੇਂ ਅੰਦਰ ਇਕੋ ਹੀ ਗੁਰੂ ਹੋ ਸਕਦਾ ਹੈ, ਉਹ ਵੀ ਓਹ ਗੁਰੂ, ਜਿਸ ਨੂੰ ਧੁਰ ਦਰਗਾਹੋਂ ਸ਼ਬਦ-ਵੀਚਾਰੀ ਦੇ ਅਭਿਆਸ ਦੀ ਸੱਚੀ ਦਾਤਿ ਮਿਲੀ ਹੋਵੇ । ਜਦੋਂ ਦੇਖੀਦਾ ਹੈ ਕਿ ਥਾਉਂ ਥਾਈਂ ਅਨੇਕਾਂ ਹੀ ਡਿੰਭੀ ਗੁਰੂਆਂ ਦੀ ਭਰਮਾਰ ਮਚੀ ਹੋਈ ਹੈ ਤਾਂ ਉਪਰਲੇ ਗੁਰਵਾਕ ਦੀ ਰੋਸ਼ਨੀ ਅੰਦਰ ਇਹ ਹੀ ਸੱਚੀ ਵੀਚਾਰ ਸਫੁਰਨ ਹੁੰਦੀ ਹੈ ਕਿ ਇਹ ਭਰਮਾਰ ਸਭ ਝੂਠੀ ਭਰਮਾਰ ਹੈ । ਗੁਰਬਾਣੀ ਅਨੁਸਾਰ ਸੱਚੀ ਗੁਰਮਤਿ ਇਹੋ ਦਸਦੀ ਹੈ ਕਿ ਇਕੋ ਗੁਰੂ, ਧੁਰੋਂ ਬਖਸ਼ਿਆ ਹੋਇਆ ਗੁਰੂ ਹੀ ਸੱਚਾ ਗੁਰੂ ਬਣ ਸਕਦਾ ਹੈ। ਇਹ ਸੱਚੇ ਗੁਰੂ ਦੀ ਇਲਾਹੀ ਦਾਤਿ ਸਦ-ਸਦੀਵ ਲਈ ਗੁਰੂ ਨਾਨਕ ਨਿਰੰਕਾਰੀ ਨੂੰ ਹੀ ਧੁਰ ਦਰਗਾਹੋਂ ਨਸੀਬ ਹਈ। ਹੋਰ ਕਿਸੇ ਵੀ ਵਡਿ-ਅਡੰਬਰੀ ਡਿੰਭੀ ਨੂੰ ਨਸੀਬ ਨਹੀਂ ਹੋ ਸਕਦੀ । ਇਕ ਤੋਂ ਅਨੇਕ ਡਿੰਭੀ ਗੁਰੂ ਸਦਾਵਣ ਵਾਲੇ ਸਭ ਝੂਠੇ ਅਤੇ ਅਡੰਬਰੀ ਹੀ ਹਨ । ਇਨ੍ਹਾਂ ਅਨੇਕ ਅਡੰਬਰ-ਸਾਜ਼ੀ ਡਿੰਭੀਆਂ ਵਿਚੋਂ ਕਿਸ ਕਿਸ ਨੂੰ ਗੁਰੂ ਸਮਝਿਆ ਜਾਏ ! ਕਈ ਤਾਂ ਅਜਿਹੇ ਅਡੰਬਰੀ ਭੀ ਹਨ, ਜੋ ਸਤਿਗੁਰੂ ਦੀ ਰੀਸੇ ਕਚ ਪਿਚ ਬੋਲ ਕੇ ਬਾਹਰਲੀ ਕੱਚੀ ਬਾਣੀ ਬਣਾਉਣ ਦਾ ਢਕੌਂਸਲਾ ਭੀ ਰਚਦੇ ਹਨ । ਪਰ ਏਸ ਗੁਰਵਾਕ ਅਨੁਸਾਰ ਉਨ੍ਹਾਂ ਦਾ ਢਕੌਂਸਲਾ ਸਿਰੇ ਨਹੀਂ ਚੜ੍ਹਦਾ—

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥੯॥

[ਗਉੜੀ ਕੀ ਵਾਰ ਮ: ੪, ਪੰਨਾ ੩੦੪

'ਗੁਰਮਤਿ ਪ੍ਰਕਾਸ਼'' ਪੁਸਤਕ ਵਿਚੋਂ]



www.AKJ.Org

*ਇਤਿਹਾਸਕ ਖੋਜ ਦੇ ਪਖੋਂ:--*

# ਖਾਲਸੇ ਦੇ ਸਦੀਵੀ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

[ਵਲੋਂ—ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ, ਇਨਚਾਰਜ, ਇਤਿਹਾਸ ਖੋਜ ਵਿਭਾਗ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ]

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸ ਗੁਰੂ ਇਕੋ ਜੋਤਿ ਦੇ ਵੱਖੋ ਵੱਖ ਰੂਪ ਹੋਏ ਹਨ। ਆਪ ਗੁਰੂ ਖ਼ਾਲਸਾ ਦੇ ਰੂਹਾਨੀ ਰਹਿਬਰ ਸਨ। ਉਨ੍ਹਾਂ ਦੇ ਚਰਨ ਕੰਵਲਾਂ ਵਿਚ ਹਿੰਦੂ, ਮੁਸਲਮਾਨ, ਈਸਾਈ ਆਦਿ ਸਾਰੇ ਹੀ ਮਜ਼ਹਬਾਂ ਦੇ ਲੋਕ ਝੁਕਦੇ ਤੇ ਉਨ੍ਹਾਂ ਨੂੰ ਆਪਣਾ ਰੂਹਾਨੀ ਰਹਿਨੁਮਾ ਮੰਨਦੇ ਸਨ। ਇਹ ਇਸ ਕਾਰਨ ਕਿ ਗੁਰੂ ਸਾਹਿਬ ਨਿਰੋਲ ਈਸ਼ਵਰਵਾਦੀ ਹੋਣ ਕਰਕੇ ਇਕ ਅਕਾਲ ਪੁਰਖ (ਵਾਹਗੁਰੂ) ਦੇ ਉਪਾਸ਼ਕ ਸਨ। ਇਕ ਈਸ਼ਵਰ ਦੇ ਮੁਕਾਬਲੇ ਤੇ ਹੋਰ ਕਿਸੇ ਦੇਵੀ ਦੇਵਤੇ ਜਾਂ ਮਸਨੂਈ ਰੱਬ ਗੁਰੂ ਪੀਰ ਪੈਗ਼ੰਬਰ, ਸਿੱਧ, ਫਕੀਰ, ਨਾਥ ਅਵਤਾਰ ਅਥਵਾ ਪਰੰਪਰਵਾਦੀ ਪੁਜਾਰੀ ਦੀ ਉਨ੍ਹਾਂ ਦੇ ਦਿਲ ਵਿਚ ਕੋਈ ਥਾਂ ਨਹੀਂ ਸੀ। ਉਹ ਬਿਨਾ ਕਿਸੇ ਲਾਗ-ਲਪੇਟ ਜਾਂ ਜਾਤੀਵਾਦ ਦੇ, ਬੜੇ ਸ਼ੁਧ ਤੇ ਸਾਫ ਹਿਰਦੇ ਨਾਲ, ਅਸਲ ਪੰਥ ਤੋਂ ਭੁਲੇ-ਭਟਕੇ ਜੀਆਂ ਨੂੰ ਸਿਰਫ਼ ਸੱਚਾਈ ਦਾ ਰਾਹ ਦਸਦੇ ਸਨ, ਸੋ ਸਹੀ ਅਰਥਾਂ ਵਿਚ ਉਹੋ ਅਸਲ ਗੁਰੂ ਜਾਂ ਰੂਹਾਨੀ ਰਹਿਬਰ ਸਨ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਤੇ ਦੀਨ ਦੁਖੀਆਂ ਦੀ ਰਖਿਆ ਵਾਸਤੇ ਆਪਣਾ ਸਰਬੰਸ ਤਕ ਵਾਰ ਦਿੱਤਾ ਸੀ। ਉਨ੍ਹਾਂ ਵਾਂਗ ਹੋਰ ਦੁਨੀਆਦਾਰ ਲੋਕ ਅਜਿਹੀਆਂ ਕੁਰਬਾਨੀਆਂ ਕਰਨ ਜਾਂ ਆਪਾ ਵਾਰਨ ਦੇ ਅਹਿਲ ਨਹੀਂ ਸਨ। ਇਸ ਲਈ ਗੁਰੂ ਸਾਹਿਬ ਨੇ ਬੜੀ ਉਦਾਰਤਾ ਨਾਲ ਦਸ ਗੁਰੂਆਂ ਦੀ ਆਤਮਕ ਜੋਤਿ ਰੂਪ ਨਾਮ-ਬਾਣੀ ਦੇ ਸੋਮੇ ਸ੍ਰੀ ਆਦਿ ਗ੍ਰੰਥ ਜੀ ਨੂੰ, ਜਿਸ ਵਿਚ ਨੌਵੇਂ ਗੁਰੂ ਜੀ ਦੀ ਬਾਣੀ, ਗੁਰੂ ਜੀ ਨੇ ਆਪ ਆਪਣੇ ਹੱਥੀਂ, ਸ੍ਰੀ ਆਦਿ ਸਿੰਘਾਸਨ ਦਮਦਮਾ ਦੇ ਸਥਾਨ ਪਰ ਚਾੜ੍ਹੀ ਸੀ, ਦਸ ਗੁਰੂਆਂ ਦਾ ਰੂਪ ਸਮਝ ਕੇ ਗੱਦੀ ਦਿੱਤੀ। ਇਹ ਵਾਕਿਆ ਸੰਮਤ ੧੭੬੫ ਬਿ: ਮੁਤਾਬਿਕ ਸੰਨ ੧੭੦੮ ਈ: ਦਾ ਹੈ, ਜਦ ਕਿ ਗੁਰੂ ਦਸਮੇਸ਼ ਜੀ ਨੰਦੇੜ (ਦੱਖਣ) ਦੇ ਸਥਾਨ ਪਰ ਜੋਤੀ ਜੋਤਿ ਸਮਾਏ ਸਨ।

ਸ੍ਰੀ ਦਸਮੇਸ਼ ਜੀ ਦਾ ਇਹ ਕਾਰਨਾਮਾ, ਖਾਲਸਾ ਪੰਥ ਦੇ ਉੱਜਲ ਭਵਿੱਖ ਨੂੰ ਮੁੱਖ ਰਖ ਕੇ ਇਸ ਦੇ ਰਾਹ ਵਿਚੋਂ ਬਨਾਉਟੀ ਗੁਰੂਆਂ ਦੀ ਪਰੰਪਰਾ ਨੂੰ ਕਤਈ ਤੌਰ ਤੇ ਦੂਰ ਕਰਨ ਦਾ ਸੀ, ਕਿਉਂਕਿ ਬਨਾਉਟੀ ਗੁਰੂ ਸੋਢੀ ਪ੍ਰਿਥੀਚੰਦ, ਮਿਹਰਬਾਨ ਤੇ ਹਰਿ ਜੀ ਦੇ ਰੂਪ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਆਪਣਾ ਅੰਦੋਲਨ ਚਲਾ ਰਹੇ ਸਨ, ਜਿਸ ਕਾਰਨ ਗੁਰੂ ਤੇਗ ਬਹਾਦਰ ਜੀ ਨੌਵੇਂ ਪਾਤਸ਼ਾਹ ਦੇ ਸਮੇਂ ਸੋਢੀ ਧੀਰਮਲ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ (ਜਿਵੇਂ ਕਿ ਕਵੀ ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ) ਬੰਦਈ, ਦੁਬੰਦੀਏ, ਜੀਤ ਮੱਲੀਏ ਤੇ ਹਠੀ ਸਿੰਘੀਆਂ ਦੇ ਰੂਪ ਵਿਚ ਕ੍ਰਮਵਾਰ ਉਭਰਦੇ ਰਹੇ, ਪਰ ਇਹ ਸਾਰੇ ਹੀ ਨਕਲੀ ਗੁਰੂ ਭਾਦੋਂ ਮਹੀਨੇ ਦੀਆਂ ਖੁੰਬਾਂ ਵਾਂਗ ਆਪਣੇ ਆਪ ਉਗਦੇ ਤੇ ਆਪਣੇ ਆਪ ਹੀ ਖ਼ਤਮ ਹੁੰਦੇ ਰਹੇ ਤੇ ਇਨ੍ਹਾਂ ਵਿਚੋਂ ਗੁਰੂ ਪਦਵੀ ਉਤੇ ਕੋਈ ਵੀ ਪੂਰਾ ਨਾ ਉਤਰ ਸਕਿਆ।

ਇਸ ਤੋਂ ਬਾਅਦ ਸਿੱਖ ਰਾਜ ਦੇ ਸਮੇਂ ਵਿਚ ਸੋਢੀ ਵਡਭਾਗ ਸਿੰਘ ਜੀ ਕਰਤਾਰਪੁਰੀਏ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀਏ, ਬੇਦੀ ਸਾਹਿਬ ਸਿੰਘ ਜੀ ਊਨਾ, ਬਾਬਾ ਖ਼ੁਦਾ ਸਿੰਘ ਜੀ ਲਾਹੌਰ ਤੇ ਬਾਬਾ ਟਹਿਲ ਸਿੰਘ (ਪ੍ਰਸਿਧ ਨਾਮ ਭਾਈ ਮਹਾਰਾਜ ਸਿੰਘ) ਜੀ ਅੰਮ੍ਰਿਤਸਰ ਆਦਿ ਕਈ ਪੂਰ ਸਿੱਖ ਆਗੂਆਂ ਦੇ ਆਏ



www.AKJ.Org

ਤੇ ਏਥੇ ਆਪਣੇ ਪੈਰ-ਚਿੰਨ੍ਹ ਛੱਡ ਕੇ ਤੁਰ ਗਏ। ਉਨ੍ਹਾਂ ਦਾ ਗੁਰੂ ਪੰਥ ਦੀ ਸਾਂਝੀ ਜੱਥੇਬੰਦੀ ਉਤੇ ਕੋਈ ਪ੍ਰਭਾਵ ਨਾ ਪਿਆ।

ਸਮੇਂ ਦੇ ਇਸ ਦੌਰਾਨ ਵਿਚ ਹਿੰਦਾਲੀਏ, ਗੰਗੂ ਸ਼ਾਹੀਏ, ਮਹਿਮਾ ਸ਼ਾਹੀਏ, ਮੀਣੇ ਮਸੰਦ, ਗੁਲਾਬ ਦਾਸੀਏ ਆਦਿ ਵੱਖੋ ਵੱਖ ਫਿਰਕੇ-ਬੰਦੀਆਂ ਦੇ ਮੋਢੀ ਆਪਣੇ ਗੁਰੂ-ਡੰਮ ਦਾ ਹੋਕਾ ਦਿੰਦੇ ਰਹੇ, ਪਰ ਉਨ੍ਹਾਂ ਦੀ ਗੁਰਿਆਈ ਖਾਲਸੇ ਦੇ ਸਾਮ੍ਹਣੇ ਨਾਮ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਤੇ ਕਿਸੇ ਹਾਲਤ ਵਿਚ ਵੀ ਕਾਮਯਾਬ ਤੇ ਕਾਰ-ਆਮਦ ਸਾਬਤ ਨਾ ਹੋ ਸਕੀ।

ਸਿਖ ਰਾਜ ਤੋਂ ਪਿਛੋਂ ਗੁਰੂਸਿਖੀ ਪ੍ਰਚਾਰ ਨੂੰ ਮੁੱਖ ਰੱਖ ਕੇ ਦੋ ਸਿੱਖ ਸੰਪ੍ਰਦਾਵਾਂ ਨਿਰੰਕਾਰੀ ਤੇ ਨਾਮਧਾਰੀ ਸੰਪ੍ਰਦਾਇ ਦੇ ਰੂਪ ਵਿਚ, ਸਾਡੇ ਸਾਹਮਣੇ ਆਈਆਂ। ਇਨ੍ਹਾਂ ਸੰਪ੍ਰਦਾਵਾਂ ਵਿਚ ਪਹਿਲੀ ਸੰਪ੍ਰਦਾਇ ਇਕ ਅਨੰਨ ਸਿਖੀ ਭਾਵ ਦੀ ਪ੍ਰਚਾਰਕ ਸੰਪ੍ਰਦਾਇ ਸੀ, ਜਿਸ ਵਿਚ ਗੁਰੂ ਬਾਣੀ ਤੇ ਦਸ ਗੁਰੂਆਂ ਦੀ ਸਿਖਿਆ ਨੂੰ ਖ਼ਾਸ ਮਹੱਤਵ ਦਿੱਤਾ ਜਾਂਦਾ ਸੀ। ਇਸ ਦੇ ਨਾਲ ਹੀ ਦੂਜੀ ਸੰਪ੍ਰਦਾਇ ਸੀ ਨਾਮਧਾਰੀ ਸੰਪ੍ਰਦਾਇ। ਇਨ੍ਹਾਂ ਸੰਪ੍ਰਦਾਵਾਂ ਦੇ ਮੋਢੀ ਨਾਮ-ਬਾਣੀ ਦੇ ਪ੍ਰਚਾਰਕ ਹੋਣ ਕਰਕੇ ਆਪਣੇ ਆਪ ਨੂੰ ਭਾਈ ਅਖਵਾਣ ਵਿਚ ਫ਼ਖ਼ਰ ਸਮਝਦੇ ਸਨ। ਜਿਵੇਂ ਭਾਈ ਬਾਲਕ ਸਿੰਘ, ਭਾਈ ਰਾਮ ਸਿੰਘ ਆਦਿ, ਪਰ ਪਿਛੋਂ ਇਨ੍ਹਾਂ ਦੇ ਨਾਂ ਨਾਲ ਪਹਿਲਾਂ "ਬਾਬਾ" ਤੇ ਫਿਰ "ਗੁਰੂ" ਆਦਿ ਅੱਲਾਂ ਮਸ਼ਹੂਰ ਹੋ ਗਈਆਂ ਤੇ ਫੇਰ ਨਾਮਧਾਰੀਏ ਦਸ ਗੁਰੂਆਂ ਤੋਂ ਬਾਅਦ ਗਿਆਰ੍ਹਵਾਂ ਗੁਰੂ, ਬਾਰ੍ਹਵਾਂ ਗੁਰੂ, ਤੇਰ੍ਹਵਾਂ ਗੁਰੂ ਆਦਿ ਦੀ ਕਲਪਨਾ ਕਰਨ ਲੱਗੇ ਤੇ ਉਨ੍ਹਾਂ ਨੇ ਆਪਣੇ ਇਸ ਪੱਖ ਦੀ ਪੁਸ਼ਟੀ ਲਈ ਪਹਿਲਾਂ ਸ੍ਰੀ ਦਸਮੇਸ਼ ਦੇ ਰੂਪ ਵਿਚ ਬਾਬਾ ਅਜਾਪਾਲ ਸਿੰਘ ਜੀ ਨਾਭਾ ਤੇ ਫੇਰ ਉਨ੍ਹਾਂ ਰਾਹੀਂ ਬਾਬਾ ਬਾਲਕ ਸਿੰਘ, ਰਾਮ ਸਿੰਘ ਆਦਿ ਦੀ ਗੁਰੂ-ਗੱਦੀ ਦੀ ਕਲਪਨਾ ਕਰ ਲਈ ਤੇ ਇਨ੍ਹਾਂ ਦੇ ਨਾਲ "ਗੁਰੂ" ਪਦਵੀ ਜੋੜਨ ਲੱਗ ਪਏ, ਹਾਲਾਂਕਿ ਇਨ੍ਹਾਂ ਵਿਚੋਂ ਕਿਸੇ ਮਹਾਪੁਰਸ਼ ਨੇ ਆਪਣੇ ਆਪ ਨੂੰ ਕਦੇ ਗੁਰੂ ਨਹੀਂ ਅਖਵਾਇਆ ਸੀ ਪਰ ਪਿਛੋਂ ਇਨ੍ਹਾਂ ਦੇ ਅਨੁਯਾਈਆਂ ਨੇ ਆਪਣੇ ਨਿੱਜੀ ਲਾਭਾਂ ਨੂੰ ਮੁੱਖ ਰੱਖ ਕੇ ਕਈ ਵਿੰਗੇ ਟੇਢੇ ਤਰੀਕੇ ਵਰਤੇ ਤੇ ਆਪੋ ਆਪਣੀਆਂ ਵੱਖੋ ਵੱਖ ਗੁਰੂ-ਪਰੰਪਰਾਵਾਂ ਕਾਇਮ ਕਰ ਲਈਆਂ। ਇਨ੍ਹਾਂ ਵਿਚੋਂ ਹੀ ਕੁਝ ਲੋਕ ਐਵੇਂ ਵਾਧੂ ਜਿਹੀ ਨੁਕਤਾਚੀਨੀ ਦੇ ਢੰਗ ਬਣਾ ਕੇ, ਆਪਣੇ ਪੱਖ ਦੀ ਪੁਸ਼ਟੀ ਲਈ ਖ਼ਾਹਮਖ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੂ-ਗੱਦੀ ਦਾ ਖੰਡਨ ਕਰਨ ਲੱਗ ਪਏ, ਜੋ ਨਾ ਕੇਵਲ ਅਯੋਗ ਹੀ ਹੈ, ਸਗੋਂ ਇਤਿਹਾਸਕ ਪੱਖ ਤੋਂ ਵੀ ਬੜਾ ਬੇਹੂਦਾ ਤੇ ਕਾਬਲਿ ਇਤਰਾਜ਼ ਵੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਕਿਉਂ ਹੈ, ਤੇ ਇਸ ਬਾਰੇ ਗੁਰਬਾਣੀ, ਗੁਰੂ-ਇਤਿਹਾਸ ਤੇ ਪੁਰਾਤਨ ਸਿੱਖ ਵਿਚਾਰਧਾਰਾ ਵਿਚੋਂ ਦੀ ਕੀ ਪ੍ਰਮਾਣ ਮਿਲਦੇ ਹਨ, ਇਸ ਸੰਬੰਧ ਵਿਚ ਇਹ ਸਚਾਈਆਂ ਖਾਸ ਤੌਰ ਤੇ ਵਿਚਾਰਨ ਜੋਗ ਹਨ:

ਪੋਥੀ ਪਰਮੇਸਰ ਕਾ ਥਾਨੁ ॥ ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥
[ਸਾਰੰਗ ਮ: ੫, ਪੰਨਾ ੧੨੨੬

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੪੪॥ [ਸਿਧ ਗੋਸਟਿ, ਪੰਨਾ ੯੪੩

ਸਤਿਗੁਰ ਨੋ ਸਭ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥
[ਸਲੋਕ ਮ: ੩, ਵਾਰ ਵਡਹੰਸ ਪੰਨਾ ੫੯੪

ਸਬਦੁ ਗੁਰ ਪੀਰਾ ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ ॥੮॥੧॥
[ਸੋਰਠਿ ਮ: ੧, ਪੰਨਾ ੬੩੫

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥
[ਨਟ ਮ: ੪, ਪੰਨਾ ੯੮੨


www.AKJ.Org

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
੨॥(੧੦) [ਮ: ੩, ਵਾਰ ਸੋਰਠਿ, ਪੰਨਾ ੬੪੬

ਗੁਰ ਮੂਰਤਿ ਗੁਰੁ ਸਬਦ ਹੈ ਸਾਧ ਸੰਗਤਿ ਵਿਚਿ ਪ੍ਰਗਟੀ ਆਯਾ ॥
[ਭਾਈ ਗੁਰਦਾਸ ਜੀ, ਵਾਰ ੨੪, ਪਉੜੀ ੨੫

ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ ॥
[ਭਾ: ਗੁਰਦਾਸ ਜੀ, ਵਾਰ ੭, ਪਉੜੀ ੨੦

ਇਨ੍ਹਾਂ ਮਹਾਂਵਾਕਾਂ ਦੇ ਨਾਲ ਹੀ ਤਨਖ਼ਾਹਨਾਮਾ ਭਾਈ ਨੰਦ ਲਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਬਾਣੀ ਨੂੰ ਗੁਰੂ ਰੂਪ 'ਗੁਰੁ ਸ਼ਬਦ' ਕਹਿ ਕੇ ਏਕਣ ਸਨਮਾਨਿਆ ਹੈ :—

ਤੀਨ ਰੂਪ ਹੈਂ ਮੋਹਿ ਕੇ ਸੁਨੋ ਨੰਦ ਚਿਤਿ ਲਾਇ।
ਨਿਰਗੁਣ ਸਰਗੁਣ ਗੁਰੁ ਸਬਦ ਕਹੋਂ ਤੋਹਿ ਸਮਝਾਇ ॥

ਫੇਰ ਗੁਰੁ ਸ਼ਬਦ ਰੂਪ ਸ੍ਰੀ ਗੁਰੂ ਗ੍ਰੰਥ-ਪੰਥ ਨੂੰ ਸ੍ਰੀ ਦਸਮੇਸ਼ ਜੀ ਨੇ ਅੰਤਿਮ ਸਮੇਂ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ (ਨੰਦੇੜ) ਦੇ ਸਥਾਨ ਪਰ ਸਦੀਵੀ ਗੁਰ-ਗੱਦੀ ਕਿਵੇਂ ਪ੍ਰਦਾਨ ਕੀਤੀ, ਇਸ ਬਾਰੇ ਕ੍ਰਮਵਾਰ ਨਿਮਨ ਲਿਖਿਤ ਇਤਿਹਾਸਕ ਪ੍ਰਮਾਣ ਪੇਸ਼ ਹਨ :—

ਗੁਰਿਆਈ ਕਾ ਨਹਿ ਅਬ ਕਾਲ। ਤਿਲਕ ਨਾ ਦੇਵਹਿਗੇ ਕਿਸ ਭਾਲ ॥੯੬॥
ਦਰਸਨ ਗੁਰ ਕਾ ਹੈ ਸਾਵਧਾਨ । ਸ੍ਰੀ ਗ੍ਰੰਥ ਜੀ ਸਾਹਿਬ ਮਾਨ ॥
ਲੈ ਆਵੋ ਤਾ ਕੋ ਯਾ ਥਾਨਾ ॥ ਲੈ ਆਏ ਗੁਰ ਦਸਮ ਸੁਜਾਨ ॥੯੮॥
ਸੁਨ ਕੈ ਕਹਾ ਏਹੁ ਇਤਿਹਾਸ ॥ "ਚਲੋ ਆਦਿ ਸਤਿਗੁਰ ਕੇ ਪਾਸ" ॥
ਤਬ ਪੁਨਿ ਆਪ ਉਠੇ ਸਭ ਸੰਗਾ। ਪੈਸੇ ਪਾਂਚ ਨਲੀਏਰ ਸੁ ਅੰਗਾ ॥੯੯॥
ਲੈ ਕੇ ਤਾਹਿ ਅਰਪ ਕੀ ਬੰਦਨ । ਪ੍ਰਦਖਨ ਕਰਤੇ ਮਨ ਰੰਜਨ।
ਕਹਾ "ਜੋਇ ਬਚ ਕੀਨਾ ਚਾਹੇ। ਪਾਠ ਕਰੇ ਗੁਰ ਕੇ ਸੁਖ ਪਾਏ ॥੧੦੦॥
ਯਾ ਸਮ ਔਰ ਕੋਈ ਗੁਰ ਨਾਹੀ। ਬਿਨਾ ਕਾਨ ਸਚ ਵਾਕ ਭਨਾਹੀ ॥"
[ਕੋਇਰ ਸਿੰਘ, ਗੁਰ ਬਿਲਾਸ ਪਾ: ੧੦, ਇਕੀਵਾਂ ਅਧਿਅਇ, ਸੰਮਤ ੧੮੦੮ ਬਿ:

'ਗਰੀਬ ਨਿਵਾਜ! ਸਿਖ ਸੰਗਤਿ ਹੈ ਤੇਰੀ, ਇਸ ਦਾ ਕੀ ਹਵਾਲੁ ?"
ਬਚਨ ਕੀਤਾ "ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ ॥੬੭੯॥
ਆਪਸ ਵਿਚ ਕਰਨਾ ਪਿਆਰ, ਪੰਥ ਦੇ ਵਾਧੇ ਨੂੰ ਲੋਚਨਾ ॥
ਆਗਯਾ ਗ੍ਰੰਥ ਸਾਹਿਬ ਦੀ ਕਰਨੀ ਸ਼ਬਦ ਦੀ ਖੋਜਨਾ ॥੬੮੦॥
[ਕੇਸਰ ਸਿੰਘ, ਛਿਬਰ--ਬੰਸਾਵਲੀ ਨਾਮਾ, ਚਰਣ ਦਸਵਾਂ, ਸੰਮਤ ੧੮੩੩

ਸਵਾਲ :—ਨੌ ਪਤਸ਼ਾਹੀ ਆਦਿ ਲਗ ਭਏ ਸ੍ਰੀ ਗੁਰੂ ਜੋਇ ॥
ਅੰਤ ਸਮੇਂ ਸਭ ਸੰਗਤਨਿ ਲਰ ਪਕਰਾਵਤ ਸੋਇ ॥੨੧॥
ਤਾ ਤੇ ਇਹੈ ਬਿਨੈ ਹਮ ਪਾਵੈ ॥ ਕਹਾ ਖਾਲਸਾ ਸੀਸ ਟਿਕਾਵੈ ॥
ਤਾਂ ਤੇ ਅੰਚਰੁ ਹਮ ਪਕਰਾਵਹੁ। ਜਹਾਂ ਆਪ ਸੋ ਠਵਰ ਬਤਾਵਹੁ ॥੨੨॥
ਉਤਰ :—ਦਸ ਮਹਲਨ ਕੀ ਪੜੀਐ ਬਾਨੀ। ਅਚੁਤ ਸੁਖ ਪਾਵਹੁ ਨਿਰਬਾਨੀ ॥
ਹਮ ਕਹ ਲਖਹੁ ਨ ਨਿਜ ਤੇ ਦੂਰੀ ॥ ਹਮ ਤੁਮਰੇ ਸਦ ਸੰਗ ਹਜ਼ੂਰੀ ॥੨੭॥
[ਭਾਈ ਸੁੱਖਾ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਮਤ ੧੮੫੮ ਬਿ:

ਦਸ ਸਰੂਪ ਗੁਰੁ ਏਕ ਸਮ, ਯੋਂ ਜਾਨੈ ਸੋ ਮੇਰ ॥
ਇਕ-ਦਸਮੋ ਗੁਰੁ ਗ੍ਰੰਥ ਜੀ ਬਾਣੀ ਸਤਿਗੁਰੁ ਹੇਰ ॥
[ਭਾਈ ਸੰਤੋਖ ਸਿੰਘ, ਗੁ: ਪ੍ਰ: ਸੂ:,ਰੁਤ: ੫, ਅਧਿ: ੧੫, ਸੰਮਤ ੧੯੦੭ ਬਿ:


www.AKJ.Org

ਸਿਖਾਂ ਦੇ ਅਰਜ਼ ਕਰਨੇ ਪਰ (ਸ੍ਰੀ ਦਸਮੇਸ਼ ਜੀ ਨੇ) ਇਕ ਨਾਲੀਯੇਰ ਪੰਜ ਪੈਸੇ ਗੁਰੂ ਗ੍ਰੰਥ ਸਾਹਿਬ ਅੱਗੇ ਰਖ ਕੇ ਨਮਸਕਾਰ ਕਰ ਦਿਤੀ ਤੇ ਸਰਬੱਤ ਖਾਲਸੇ ਪ੍ਰਤਿ ਫੁਰਮਾਯਾ ਕਿ ਅਸੀਂ ਅਜਰ ਅਮਰ ਅਥੱਕ . . . ਐਸਾ ਗੁਰੂ ਥਾਪਯਾ ਹੈ ਜੋ ਕਦੇ ਕਿਸੇ ਦਾ ਪੱਖਪਾਤ ਨਾ ਕਰੇਗਾ। . . . . . .ਇਸ ਤਰ੍ਹਾਂ ਗ੍ਰੰਥ ਸਾਹਿਬ ਜੀ ਨੂੰ ਗੁਰੂ ਥਾਪ ਕੇ ਏਹ ਸਲੋਕ ਉਚਾਰਣ ਕੀਤਾ—

"ਆਗਜਾ ਭਈ ਅਕਾਲ ਕੀ ਤਬੈ ਚਲਾਯੋ ਪੰਥ ॥ ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥"

[ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ ਛਾਪਾ ਪੱਥਰ, ੧੮੯੧, ਸਫਾ ੩੫੬

ਸਿਖ ਸੰਗਤਿ ਵਲੋਂ ਸ੍ਰੀ ਦਸਮੇਸ਼ ਪ੍ਰਤੀ ਬੇਨਤੀ :—

ਨਵਹੂੰ ਗੁਰੂ ਅਗੈ ਗੁਰੁ ਕਰਿ ਕਰਿ ਤਬ ਪ੍ਰਲੋਕ ਸਿਧਾਰੇ।
ਆਪ ਰਚਹਿ ਕਛੁ ਚਰਿਤ ਅਪਰਮਿਤ, ਸਮਝ ਨ ਪਰਤ ਬਿਚਾਰੇ ॥੭॥

ਉੱਤਰ ਸ੍ਰੀ ਮੁੱਖਵਾਕ :—ਰੂਪ ਇਕਾਦਸ ਗੁਰੂ ਗ੍ਰੰਥ ਬਰ ਤਾ ਛਿਨ ਸ੍ਰੀ ਪ੍ਰਭ ਆਏ।
ਪੈਸੇ ਪਾਂਚ ਨਲੇਰ ਰਾਖ ਕਰਿ, ਗੁਰਿਆਈ ਸੁ ਧਰਾਏ ॥੧੦॥
ਮਨ ਪੂਜਨ ਸੇਵਨ ਗੁਰੁ ਗ੍ਰੰਥਿਹਿ, ਬੋਲਨ ਬਾਕੀ ਬਚਨਾ ॥
ਦਰਸਨ ਕਰਨ ਮੋਰ ਯਹ ਮੰਜੀ, ਰੂਪ ਇਕਾਦਸਿ ਰਚਨਾ ॥੧੧॥
ਦਵਾਦਸ ਰੂਪ ਸੁ ਮੋਰ ਖਾਲਸਾ, ਪੰਜ ਸਿੰਘ ਜਹਿ ਹੋਹੀ ॥
ਇਮ ਸੰਕਾ ਸਭ ਦੂਰ ਕਰਾਈ, ਧੀਰ ਧਰਾਈ ਤਯੋਂ ਹੀ ॥੧੨॥

[ਬਾਵਾ ਸੁਮੇਰ ਸਿੰਘ, ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼, ਸੰ: ੧੯੩੮ ਬਿ:

ਇਨ੍ਹਾਂ ਇਤਿਹਾਸਕ ਪ੍ਰਮਾਣਾਂ ਤੋਂ ਵਿਦਵਾਨ ਸਜਨ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਬਿਚਲ ਨਗਰ. ਹਜ਼ੂਰ ਸਾਹਿਬ ਨਾਂਦੇੜ (ਦੱਖਣ) ਦੇ ਸਥਾਨ ਪਰ ਸੰਨ ੧੭੦੮ ਵਿਚ ਜੋਤੀ ਜੋਤਿ ਸਮਾਉਣ ਸਮੇਂ ਪੰਜ ਪਿਆਰਿਆਂ ਦੀ ਮੌਜੂਦਗੀ ਵਿਚ ਨਾਮ-ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰਤਾ ਦਿੱਤੀ ਸੀ ਤੇ ਆਪਣੀ ਥਾਵੇਂ ਹੋਰ ਕਿਸੇ ਦੇਹਧਾਰੀ ਵਿਅਕਤੀ ਨੂੰ ਨਹੀਂ ਸੀ ਕਬੂਲਿਆ।

ਸੋ ਗੁਰੂ ਗ੍ਰੰਥ ਪੰਥ ਦੀ ਹਜ਼ੂਰੀ ਵਿਚ ਗੁਰਿਆਈ ਦਾ ਇਹ ਸਿਲਸਿਲਾ ਉਸੇ ਸਮੇਂ ਤੋਂ ਇਕ ਪੱਕਾ ਤਾਰੀਖ਼ੀ ਪ੍ਰਮਾਣ ਬਣ ਗਿਆ, ਜਿਸ ਦੀ ਪ੍ਰੋੜ੍ਹਤਾ ਹੁਣ ਤਕ ਸਾਰੇ ਹੀ ਖੋਜੀ ਲੇਖਕ ਕਰਦੇ ਆਏ ਹਨ। ਨਾਮਧਾਰੀ ਲਹਿਰ ਦੇ ਮੋਢੀ ਸਤਕਾਰ ਯੋਗ ਬਾਬਾ ਰਾਮ ਸਿੰਘ ਜੀ ਨੇ ਵੀ, ਜੋ ਕਿ ਖਾਲਸਾ ਪੰਥ ਦੇ ਸੰਨ ੧੮੫੭ ਤੋਂ ਸੰਨ ੧੯੭੨ ਤਕ ਇਕ ਨਾਮੀ-ਗਰਾਮੀ ਪ੍ਰਚਾਰਕ ਤੇ ਸੁਧਾਰਕ ਹੋ ਚੁਕੇ ਹਨ, ਆਪਣੇ ਅਰਦਾਸ ਰੂਪ ਇਤਿਹਾਸਕ ਪੱਤਰਾਂ ਵਿਚ ਸਿੱਖ-ਇਤਿਹਾਸ ਦੇ ਇਸੇ ਕਥਨ ਦੀ ਪ੍ਰੋੜ੍ਹਤਾ ਕੀਤੀ ਹੈ, ਜਿਵੇਂ ਕਿ ਆਪ ਇਕ ਇਤਿਹਾਸਕ ਪਤਰ ਵਿਚ ਲਿਖਦੇ ਹਨ "ਭਾਈ ਦਸਾਂ ਪਾਤਸ਼ਾਹੀਆਂ ਤੇ ਪਿੱਛੇ ਗੁਰੂ ਤਾਂ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸਥਾਪਨ ਕਰ ਗਏ ਹਨ, ਸੋ ਸਦਾ ਹੀ ਇਸਥਿਤ ਹੈ। ਹੋਰ ਗੁਰੂ ਕੋਈ ਨਹੀਂ।" (ਪੰਜਾਬ ਰੀਕਾਰਡਜ਼, ਲਾਹੌਰ, ੧੮੭੨)। ਏਕਣ ਹੀ ਕਰਣੀਨਾਮੇ ਦੀ ਸਰਕਾਰੀ ਫ਼ਾਈਲ (ਪੰ: ਰੀ: ਵਿਚ ਵੀ ਅਜਿਹੇ ਕੁਝ ਸੰਕੇਤ ਦਰਜ ਹਨ। ਇਸ ਤੋਂ ਬਿਨਾਂ ਉਨ੍ਹਾਂ ਦੇ ਕਈ ਤਾਰੀਖ਼ੀ ਕਾਰਨਾਮਿਆਂ ਤੋਂ ਵੀ ਇਸੇ ਕਥਨ ਦੀ ਪ੍ਰੋੜ੍ਹਤਾ ਹੁੰਦੀ ਹੈ।

ਇਸ ਲਈ ਹੁਣ ਇਨ੍ਹਾਂ ਪ੍ਰਮਾਣਾਂ ਦੀ ਮੌਜੂਦਗੀ ਵਿਚ ਸ੍ਰੀ ਗੁਰੂ ਗ੍ਰੰਥ-ਪੰਥ ਦੀ ਗੁਰਿਆਈ ਬਾਰੇ ਕੋਈ ਸ਼ੰਕਾ ਬਾਕੀ ਨਹੀਂ ਰਹਿ ਜਾਂਦਾ।



www.AKJ.Org

# ਗੁਰਮਤਿ ਤੇ ਸਰਾਧ

[ਵਲੋਂ—ਗਿ: ਜਗਤਾਰ ਸਿੰਘ ਜੀ, ਹੈਡ ਗ੍ਰੰਥੀ, ਸ੍ਰੀ ਗੁਰੂ ਸਿੰਘ ਸਭਾ, ੧੯ ਡੀ, ਚੰਡੀਗੜ੍ਹ]

ਹਿੰਦੂ ਮਤ ਵਿਚ ਸਰਾਧ-ਕਰਮ ਇਸ ਭਰਮ ਦੇ ਅਧੀਨ ਕੀਤਾ ਜਾਂਦਾ ਹੈ ਕਿ ਇਨ੍ਹਾਂ ਦਿਨਾਂ ਵਿਚ ਬ੍ਰਾਹਮਣ ਨੂੰ ਦਿਤਾ ਹੋਇਆ ਦਾਨ ਪ੍ਰਲੋਕ-ਗਮਨ ਕਰ ਗਏ ਪਿਤਰਾਂ ਨੂੰ ਪ੍ਰਾਪਤ ਹੁੰਦਾ ਹੈ। ਸ਼ਰਾਧਾਂ ਵਿਚ ਕਾਗਬਲ ਦਾ ਮਹਾਤਮ ਵੀ ਲਿਖਿਆ ਹੈ। ਇਸ ਲਈ ਕਾਵਾਂ ਨੂੰ ਬੁਲਾ ਕੇ ਭੋਜਨ ਪਾਇਆ ਜਾਂਦਾ ਹੈ।

ਗੁਰਮਤਿ ਅਨੁਸਾਰ ਸਰਾਧ ਕਰਨਾ ਅਤੇ ਕਾਗ-ਬਲ ਦੇਣਾ ਅਗਿਆਨਤਾ ਤੇ ਭਰਮ ਕਰਮ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਾਝ ਦੀ ਵਾਰ ਵਿਚ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਹਿੰਦੇ ਹਨ ਕਿ ਮਰਨ ਪਿਛੋਂ ਸਰਾਧ ਕਰਨ ਵੇਲੇ ਪਤਲਾਂ ਦੇਣੀਆਂ ਤੇ ਕਾਵਾਂ ਨੂੰ ਬੁਲਾ ਬੁਲਾ ਖੁਆਉਣਾ ਅਗਿਆਨਕ ਕਰਮਾਂ ਨਾਲ ਪਿਆਰ ਕਰਨਾ ਹੈ।

ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥(੧)

[ਮ: ੧, ਵਾਰ ਮਾਝ, ਪੰਨਾ ੧੩੮

ਗੁਰਦੇਵ ਜੀ ਬੜਾ ਸਪੱਸ਼ਟ ਕਹਿੰਦੇ ਹਨ ਕਿ ਜੀਵ ਨੂੰ ਪ੍ਰਲੋਕ ਵਿਚ ਉਹੀ ਵੱਥ ਪ੍ਰਾਪਤ ਹੁੰਦੀ ਹੈ, ਜੋ ਉਸ ਨੇ ਮਨੁਖਾ ਜੀਵਨ ਸਮੇਂ "ਕਿਰਤ ਵਿਰਤ ਕਰਿ ਧਰਮ ਦੀ" ਹਥੀਂ ਦਾਨ ਦਿਤੀ ਹੋਵੇ। ਗੁਰਮਤਿ ਅਨੁਸਾਰ ਜੀਵ ਮਾਤਲੋਕ ਵਿਚ ਜੋ ਕਮਾਉਂਦਾ ਹੈ, ਉਸ ਦਾ ਫਲ ਇਥੇ ਭੋਗਦਾ ਹੈ ਅਤੇ ਪ੍ਰਲੋਕ ਵਿਚ ਵੀ ਆਪਣੇ ਕੀਤੇ ਕਰਮਾਂ ਅਨੁਸਾਰ ਫਲ ਪ੍ਰਾਪਤ ਕਰਦਾ ਹੈ। ਗੁਰਵਾਕ ਹੈ—

(ੳ) ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥(੧੭)

[ਸਲੋਕ ਮ: ੧, ਆਸਾ ਦੀ ਵਾਰ, ਪੰਨਾ ੪੭੨

(ਅ) ਨਾਨਕ ਏਥੈ ਕੁਮਾਵੈ ਸੋ ਮਿਲੈ, ਅਗੈ ਪਾਏ ਜਾਇ ॥੧॥(੧੯)

ਸਲੋਕ ਮ: ੩, ਬਿਹਾਗੜੇ ਕੀ ਵਾਰ, ਪੰਨਾ ੫੫੬

ਇਸ ਤਰ੍ਹਾਂ ਜਗਤ ਗੁਰਦੇਵ ਲੁਕਾਈ ਨੂੰ ਜੀਵਨ-ਸੇਧ ਦਿੰਦੇ ਹੋਏ ਦਸਦੇ ਹਨ ਕਿ ਲੋਕ ਪ੍ਰਲੋਕ ਦੇ ਭਲੇ ਲਈ ਸਾਨੂੰ ਕਿਸੇ ਦੂਸਰੇ ਮਨੁਖ ਤੇ ਅਧਾਰਿਤ ਨਹੀਂ ਹੋਣਾ ਚਾਹੀਦਾ, ਸਗੋਂ—

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥

[ਸਿਰੀਰਾਗੁ ਮ: ੧ ਘਰੁ ੫, ਪੰਨਾ ੨੬

ਦੇ ਮਹਾਂਵਾਕ ਨੂੰ ਸਮਝ, ਆਪਣਾ ਕਾਰਜ ਆਪ ਸਵਾਰਨਾ ਚਾਹੀਦਾ ਹੈ। ਅਰਸ਼ੀ ਅਰਸ਼ਾਦ ਹੈ—

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥

[ਆਸਾ ਦੀ ਵਾਰ, ਪੰਨਾ ੪੭੪

ਕਬੀਰ ਜੀ ਵੀ ਇਸ ਖ਼ਿਆਲ ਨਾਲ ਸਹਿਮਤ ਹਨ। ਉਨ੍ਹਾਂ ਦਾ ਮਤ ਹੈ ਕਿ ਅਦਬ ਤੇ ਸ਼ਰਧਾ ਸਹਿਤ ਜੀਉਂਦੇ ਬਜ਼ੁਰਗਾਂ (ਪਿਤਰਾਂ) ਦੀ ਸੇਵਾ ਕਰਨੀ ਚਾਹੀਦੀ ਹੈ, ਪਿਛੋਂ ਮੋਏ ਦੇ ਮੂੰਹ ਵਿਚ ਘਿਉ ਪਾਉਣਾ ਤੇ ਸਰਾਧ ਆਦਿਕ ਕਰਨੇ ਤਾ ਲੋਕ-ਵਿਖਾਵਾ ਤੇ ਫੋਕਟ ਕਰਮ ਹਨ। ਭਗਤ ਜੀ ਦਾ ਫੁਰਮਾਨ ਹੈ—

ਜੀਵਤ ਪਿਤਰ ਨਾ ਮਾਨੈ ਕੋਊ ਮੂਏ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ? ਕਊਆ ਕੂਕਰ ਖਾਹੀ ॥

[ਗਉੜੀ ਕਬੀਰ ਜੀ, ਪੰਨਾ ੩੩੨



www.AKJ.Org

ਇਸ ਪੱਖ ਤੋਂ ਲਾਹੌਰ ਦੇ ਸੇਠ ਦੁਨੀ ਚੰਦ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਈ ਵਾਰਤਾ ਵੀ ਵਿਚਾਰਨ ਯੋਗ ਹੈ, ਜੋ ਕਿ ਆਪਣੇ ਪਿਤਾ ਦਾ ਸਰਾਧ ਕਰ ਰਿਹਾ ਸੀ। ਭਰਮ-ਨਾਸ਼ਕ ਗੁਰਦੇਵ ਜੀ ਉਸ ਦੇ ਅਗਿਆਨਕ ਕਰਮ ਦੇ ਭਰਮ ਨੂੰ ਤੋੜਨ ਲਈ ਪੁਛਦੇ ਹਨ :–

ਕਿਹ ਕਾਰਨ ਤੇ ਕੀਨ ਅਹਾਰਾ ?। ਬਹੁਤੇ ਨਰਨ ਬੁਲਾਇ ਖਵਾਰਾ ॥
ਦੁਨੀ ਚੰਦ–ਦਿਵਸ ਆਜ ਕੇ ਮੇਰੋ ਤਾਤਾ (ਪਿਤਾ) ॥ ਗਾ ਪ੍ਰਲੋਕ ਹੁਤੋ ਬਖਯਾਤਾ ॥
ਤਿਹ ਨਮਿਤ ਮੈਂ ਕੀਨ ਅਹਾਰਾ॥ ਪੁਰਿ ਕੇ ਬਿਪ੍ਰਨ ਸਰਬ ਖੁਵਾਰਾ॥
ਪੁਨ ਬੂਝਯੋ ਸ੍ਰੀ ਨਾਨਕ ਤਾਹੀਂ ॥"ਤਵ ਪਿਤ ਪ੍ਰਾਪਤ ਭਯੋ ਕਿ ਨਾਹੀਂ"?
ਦੁਨੀ ਚੰਦ ਕਹਿ ਲਖੋ ਨ ਕੋਊ ॥ ਪਹੁੰਚਯੋ, ਰਹਯੋ ਕਿ ਭੂਖਾ ਸੋਊ॥
ਗੁਰ ਕਹਿ "ਤਵ ਪਿਤਾ ਛੁਧਾ ਅਧੀਨਾ॥ ਭੂਖੇ ਬਾਸੁਰ ਬੀਤੇ ਤੀਨਾ॥
ਬੈਠਯੋ ਅਬਹਿ ਛੁਧਾਤਰ ਸੋਊ॥ ਤਾਂਹਿ ਨ ਪਹੁੰਚਯੋ ਭੋਜਨ ਕੋਊ ॥੧੨॥

[ਸ੍ਰੀ ਨਾਨਕ ਪ੍ਰਕਾਸ਼, ਉਤਰਾਰਧ ਅਧਿਆਇ ੪

ਉਪਰਲੀ ਸਾਰੀ ਵਿਚਾਰ ਤੋਂ ਇਹ ਪ੍ਰਗਟ ਹੋਇਆ ਕਿ ਇਹ ਸਾਰਾ ਕ੍ਰਿਆ-ਕਰਮ ਜਿਸ ਅਧਾਰ ਤੇ ਕੀਤਾ ਜਾਂਦਾ ਹੈ, ਗੁਰਮਤਿ ਅਨੁਸਾਰ ਇਹ ਅਵਿਦਿਅਕ ਤੇ ਭਰਮ-ਗ੍ਰਸਤ ਖ਼ਿਆਲ ਹੈ। ਇਸੇ ਲਈ ਗੁਰਮਤਿ ਸਾਗਰ ਵਿਚ ਡੂੰਘੀਆਂ ਚੁਭੀਆਂ ਲਾ ਗੂਹੜ ਰਤਨ ਕਢ, ਗੁਰਸਿਖਾਂ ਨੂੰ ਦਰਸਾਉਣ ਵਾਲੇ ਭਾਈ ਸਾਹਿਬ ਗੁਰਦਾਸ ਜੀ ਨੇ ਵਾਰਾਂ ਵਿਚ ਕਹਿ ਦਿਤਾ ਕਿ ਉਹ ਲੋਕ ਭਰਮ ਵਿਚ ਭੁਲੇ ਹਨ ਜੋ ਪਿਤਰਾਂ ਲਈ ਤੇਰ੍ਹਾਂ ਪਦ (ਛਤਰੀ, ਜੋੜਾ, ਵਸਤਰ ਛਾਪ, ਕਮੰਡਲ, ਆਸਣ, ਰਸੋਈ ਦੇ ਪੰਜ ਬਰਤਨ, ਸੋਟੀ, ਤਸ਼ਟਾ, ਕੱਚਾ ਅੰਨ, ਪੱਕਾ ਅੰਨ, ਨਕਦੀ ਤੇ ਜਨੇਊ) ਦਾਨ ਕਰਦੇ ਹਨ—

"ਤੇਰਹ ਪਦ ਕਰਿ ਜਗ ਵਿਚਿ, ਪਿਤਰ ਕਰਮ ਕਰਿ ਭਰਮ ਭੁਲਾਇਆ॥

[ਵਾਰ ੭, ਪਉੜੀ ੧੩

ਇਤਨਾ ਸਪੱਸ਼ਟ ਹੋਣ ਤੇ ਵੀ ਕਈ ਮਨੁਖ ਜੋ ਗੁਰਬਾਣੀ ਤੇ ਇਤਿਹਾਸ ਨੂੰ ਨਹੀਂ ਵਿਚਾਰਦੇ, ਇਹ ਪ੍ਰਸ਼ਨ ਕਰ ਦਿੰਦੇ ਹਨ ਕਿ ਜੇ ਸਿੱਖ ਮੱਤ ਵਿਚ ਸਰਾਧ ਕਰਨੇ ਵਿਧਾਨ ਨਹੀਂ ਤਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੂਜਯ ਪਿਤਾ ਦਾ ਅਸ਼ਟਮੀ ਨੂੰ ਸਰਾਧ ਕਰ ਕੇ ਅਸੂ-ਵਦੀ ਦਸਮੀ ਨੂੰ ਕਿਉਂ ਸਰੀਰਕ ਚੋਲਾ ਛਡਿਆ, ਭਾਵ ਜੋਤੀ ਜੋਤਿ ਸਮਾਏ ? ਅਤੇ ਗੁਰੂ ਅਮਰਦਾਸ ਜੀ ਨੇ ਰਾਮਕਲੀ ਸਦ ਵਿਚ ਇਹ ਸ਼ਬਦ ਕਿਉਂ ਕਹੇ ਹਨ :–

ਅੰਤੇ ਸਤਿਗੁਰੁ ਬੋਲਿਆ, ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥
ਕੇਸੋ ਗੋਪਾਲ ਪੰਡਿਤ ਸਦਿਅਹੁ, ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥
ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ, ਬੇਬਾਣੁ ਹਰਿ ਰੰਗੁ ਗੁਰ ਭਾਵਏ॥
ਪਿੰਡ ਪਤਲਿ ਕਿਰਿਆ ਦੀਵਾ, ਫੁਲ ਹਰਿ ਸਰਿ ਪਾਵਏ... ...॥੫॥

ਸੋ ਪਹਿਲੀ ਸ਼ੰਕਾ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰਾਧ ਕਰਨ ਸਬੰਧੀ ਹੈ, ਇਸ ਦਾ ਸਮਾਧਾਨ ਇਹ ਹੈ ਕਿ ਸ਼ਰਾਧ ਦਾ ਮਹਾਤਮ ਪ੍ਰਗਟ ਕਰਨ ਵਾਲੇ ਪ੍ਰਪੰਚੀਆਂ ਨੇ ਸਿਖ ਮਿਸਲਾਂ ਤੇ ਸਿਖ ਰਾਜ ਵੇਲੇ, ਜਦੋਂ 'ਸਿੱਖ' ਰਾਜ - ਮਦ ਵਿਚ ਉਲਝ ਗਏ, ਇਤਿਹਾਸਕ ਸਾਖੀਆਂ ਵਿਚ ਐਸੇ ਪ੍ਰਸੰਗ ਪਾ ਦਿਤੇ ਜੋ ਗੁਰਮਤਿ ਅਨੁਸਾਰ ਨਹੀਂ, ਜਿਵੇਂ ਸਰਾਧਾਂ ਦੀ ਦਸਵੀਂ। ਪਰ ਅਸਾਂ ਵਿਚਾਰਨਾ ਹੈ ਕਿ ਇਹ ਗਲ ਗੁਰਬਾਣੀ ਅਨੁਸਾਰ ਹੈ ਜਾਂ ਨਹੀਂ। ਗੁਰਬਾਣੀ ਕਸਵਟੀ ਹੈ ਕਿਉਂਕਿ ਸਿਖ ਧਰਮ 'ਸ਼ਬਦ ਤੇ ਅਧਾਰਿਤ ਹੈ, ਨਾ ਕਿ ਕੁਝ ਇਤਿਹਾਸਕ ਘਟਨਾਵਾਂ ਤੇ। ਜੋ ਇਤਿਹਾਸਕ ਪ੍ਰਸੰਗ ਗੁਰਬਾਣੀ ਦੇ ਉਪਦੇਸ਼



www.AKJ.Org

ਅਨੁਸਾਰ ਹੋਵੇ, ਉਹ ਮੰਨਣ ਯੋਗ ਹੈ; ਦੂਸਰਾ ਨਹੀਂ।

ਇਹ ਤਾਂ ਹੋ ਨਹੀਂ ਸਕਦਾ ਕਿ ਬਚਨ ਦੇ ਸੂਰੇ ਗੁਰਦੇਵ ਕਹਿਣ ਹੋਰ ਤੇ ਕਮਾਉਣ ਹੋਰ। ਜੋ ਸਤਿਗੁਰਾਂ ਗੁਰਬਾਣੀ ਵਿਚ ਕਿਹਾ ਉਸ ਨੂੰ ਆਪਣੇ ਅਮਲੀ ਜੀਵਨ ਰਾਹੀਂ ਦਰਸਾਇਆ। ਇਸ ਲਈ ਗੱਲ ਵਿਚਾਰਨ ਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਜਿਹੜੇ ਪਵਿਤਰ ਬਾਣੀ ਵਿਚ ਸਰਾਧ ਆਦਿਕ ਕਰਮਾਂ ਦਾ ਖੰਡਨ ਕਰਦੇ ਹੋਏ ਲਾਹੌਰ ਦੇ ਦੁਨੀ ਚੰਦ ਦੇ ਭਰਮ-ਜਾਲ ਨੂੰ ਕਟ ਰਹੇ ਹੋਣ ਗਯਾ-ਪੁਰ ਵਿਖੇ ਪਿੰਡ ਪਤਲ ਆਦਿਕ ਦੇਣ ਤੋਂ ਇਨਕਾਰੀ ਹੁੰਦੇ ਕਹਿਣ—

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥

[ਆਸਾ ਘਰੁ ੩ ਮ: ੧, ਪੰਨਾ ੩੫੮

ਅਤੇ ਜਦੋਂ ਆਪਣੇ ਪਿਤਾ ਨੂੰ ਤਲਵੰਡੀ ਪਿਤਰਾਂ ਨਮਿਤ ਸਰਾਧ ਕਰਦੇ ਦੇਖਣ ਤਾਂ ਕਹਿਣ ਕਿ

"ਕਰਨੋ ਸ੍ਰਾਧ ਤਜਹੁ ਬਿਉਹਾਰਾ।" [ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ ਅਧਿਆਇ ੬

ਕੀ ਉਹ ਕਦੇ ਸਰਾਧ ਕਰ ਸਕਦੇ ਹਨ ? ਨਹੀਂ, ਨਹੀਂ, ਕਦਾਚਿਤ ਨਹੀਂ।

ਦੂਸਰੀ ਸ਼ੰਕਾ ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਰਾਮਕਲੀ ਸੱਦ ਵਿਚਲੇ ਅੰਤਮ ਉਪਦੇਸ਼ ਲਈ ਕੀਤੀ ਜਾਂਦੀ ਹੈ, ਨੂੰ ਵੀ ਇਸ ਵਿਚਾਰ ਦੀ ਰੌਸ਼ਨੀ ਵਿਚ ਹੀ ਦੇਖਣਾ ਹੈ, ਕਿਉਂਕਿ ਤੀਸਰੇ ਸਤਿਗੁਰਾਂ ਵਿਚ ਵੀ ਉਹੋ ਜੋਤਿ ਤੇ ਜੁਗਤਿ ਕੰਮ ਕਰਦੀ ਰਹੀ, ਜੋ ਗੁਰੂ ਨਾਨਕ ਦੇਵ ਜੀ ਵਿਚ ਸੀ। ਸੋ ਜੇ ਗੁਰੂ ਨਾਨਕ ਸਾਹਿਬ ਪਿੰਡ ਪਤਲ ਅਤੇ ਸਰਾਧ ਆਦਿਕ ਕਰਮਾਂ ਨੂੰ ਭਰਮ ਕਹਿੰਦੇ ਹੋਏ ਖੰਡਨ ਕਰਦੇ ਹਨ ਤਾਂ ਸ੍ਰੀ ਗੁਰੂ ਅਮਰਦਾਸ ਜੀ ਇਨ੍ਹਾਂ ਨੂੰ ਕਰਨ ਲਈ ਉਪਦੇਸ਼ ਕਿਵੇਂ ਦੇ ਸਕਦੇ ਹਨ ? ਇਸ ਗੱਲ ਨੂੰ ਪੂਰੇ ਵਿਸਥਾਰ ਨਾਲ ਸਮਝਣ ਲਈ ਪਾਠਕ ਜਨ "ਰਾਮਕਲੀ ਸੱਦ ਸਟੀਕ" ਕ੍ਰਿਤ ਪ੍ਰੋ: ਸਾਹਿਬ ਸਿੰਘ ਜੀ ਨੂੰ ਪੜ੍ਹਨ ਦੀ ਕਿਰਪਾਲਤਾ ਕਰਨ। ਗੁਰਬਾਣੀ ਦੇ ਵਿਆਕਰਣ ਦੀ ਨਿਯਮਾਵਲੀ ਅਨੁਸਾਰ ਵੀਹ ਸਫਿਆਂ ਵਿਚ ਇਨ੍ਹਾਂ ਤੁਕਾਂ ਦੇ ਅਰਥ-ਭਾਵਾਂ ਨੂੰ ਪ੍ਰੋਫੈਸਰ ਜੀ ਨੇ ਖੋਲ੍ਹ ਕੇ ਦਰਸਾਇਆ ਹੈ। ਉਨ੍ਹਾਂ ਨੇ ਗੁਰਮਤਿ ਦੀ ਰੌਸ਼ਨੀ ਵਿਚ ਜੋ ਅਖਰੀ ਅਰਥ ਇਨ੍ਹਾਂ ਤੁਕਾਂ ਦੇ ਕੀਤੇ ਹਨ ਉਹ ਇਸ ਪ੍ਰਕਾਰ ਹਨ :—

ਅਰਥ :—ਜੋਤੀ ਜੋਤ ਸਮਾਣ ਵੇਲੇ ਗੁਰੂ ਅਮਰਦਾਸ ਜੀ ਨੇ ਆਖਿਆ—(ਹੇ ਭਾਈ) ਮੇਰੇ ਪਿਛੋਂ ਨਿਰੋਲ ਕੀਰਤਨ ਕਰਿਓ; ਕੇਸੋ ਗੋਪਾਲ (ਅਕਾਲ ਪੁਰਖ) ਦੇ ਪੰਡਿਤਾਂ ਨੂੰ ਸੱਦ ਘਲਿਓ, ਜੋ (ਆ ਕੇ) ਅਕਾਲ ਪੁਰਖ ਦੀ ਕਥਾ ਵਾਰਤਾ ਰੂਪ ਪੁਰਾਣ ਪੜ੍ਹਨ। (ਚੇਤਾ ਰਖਿਓ ਮੇਰੇ ਪਿਛੋਂ) ਅਕਾਲ ਪੁਰਖ ਦੀ ਕਥਾ (ਹੀ) ਪੜ੍ਹਨੀ ਚਾਹੀਦੀ ਹੈ, ਅਕਾਲ ਪੁਰਖ ਦਾ ਨਾਮ ਹੀ ਸੁਣਨਾ ਚਾਹੀਦਾ ਹੈ। ਬੇਬਾਣ ਭੀ ਗੁਰੂ ਨੂੰ (ਕੇਵਲ) ਅਕਾਲ ਪੁਰਖ ਦਾ ਪਿਆਰ ਹੀ ਚੰਗਾ ਲਗਦਾ ਹੈ। ਗੁਰੂ ਤਾਂ ਪਿੰਡ ਪਤਲਿ, ਕਿਰਿਆ ਦੀਵਾ ਅਤੇ ਫੁੱਲ——ਇਹਨਾਂ ਸਭਨਾਂ ਨੂੰ ਸਤਸੰਗ ਤੋਂ ਸਦਕੇ ਕਰਦਾ ਹੈ।

ਸੋ ਗੁਰਮਤਿ ਅਨੁਸਾਰ ਪ੍ਰਲੋਕ ਗਏ ਪਿਆਰਿਆਂ ਲਈ ਕੀਰਤਨ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਪੁਆਉਣੇ ਅਤੇ "ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ, ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ"* ਦੇ ਗੁਰਵਾਕ ਨੂੰ ਮੁਖ ਰਖ ਕੇ ਗੁਰਸਿੱਖਾਂ ਦੀ ਛਾਦਨ ਭੋਜਨ ਦੁਆਰਾ ਸੇਵਾ ਕਰਨੀ ਹੀ ਵਿਧਾਨ ਹੈ। ਪਰ ਇਸ ਤੋਂ ਉਲਟ ਹਿੰਦੂ ਮਤ ਦੇ ਨੀਯਤ ਕੀਤੇ ਸਰਾਧਾਂ ਦੇ ਦਿਨਾਂ ਅਤੇ ਪੁੰਨਿਆਂ, ਮਸਿਆ ਤੇ ਸੰਗਰਾਂਦ ਆਦਿ ਪੁਰਵਾਂ ਤੇ ਪ੍ਰਲੋਕ ਵਿਚ ਪਿਤਰਾਂ ਦੇ ਭਲੇ ਨੂੰ ਮੁੱਖ ਰਖ ਕੇ ਬ੍ਰਾਹਮਣਾਂ ਜਾਂ ਸਿੱਖਾਂ ਨੂੰ ਬੁਲਾ ਕੇ ਭੋਜਨ ਖੁਲਾਉਣੇ ਤੇ ਬਸਤ੍ਰ ਆਦਿ ਭੇਟ ਕਰਨੇ ਵਿਵਰਜਤ ਹਨ। ਜਿਹੜਾ ਗੁਰਸਿਖ ਐਸਾ ਕਰਦਾ

*ਮ: ੪, ਗਉੜੀ ਕੀ ਵਾਰ, ।।੨।।(੩੩), ਪੰਨਾ ੩੧੭

[ਬਾਕੀ ਦੇਖੋ ਸਫਾ ੧੩ ਹੇਠ



www.AKJ.Org

# ਗੁਰਮਤਿ ਪ੍ਰਚਾਰ–ਸਾਡੇ ਅਖ਼ਬਾਰਾਂ ਰਾਹੀਂ

[ ਵਲੋਂ—ਸ: ਗੁਰਬਖਸ਼ ਸਿੰਘ ਜੀ, ੭/੮ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ ]

"ਬਾਬਾ ਬੁਢਾ ਜੀ ਦੇ ਸਰਾਧ ਦਿਵਸ" ਦੇ ਸਿਰਲੇਖ ਹੇਠਾਂ ਇਕ ਖ਼ਬਰ ਅਕਾਲੀ ਪਤ੍ਰਕਾ ੨੩ ਸਤੰਬਰ ੧੯੭੮, ਪੰਨਾ ੨ ਤੇ ਛਪੀ ਹੈ, ਜਿਸ ਵਿਚ ਹੇਠ ਲਿਖੀਆਂ ਗੱਲਾਂ ਗੁਰਮਤਿ ਦੇ ਉਲਟ ਹਨ –

(੧) ਨਿਰਮਲ ਤਖ਼ਤ ਬਾਬਾ ਬੁਢਾ ਸਾਹਿਬ, ਰਮਦਾਸ

ਸਿਖ ਪੰਥ ਨੇ ਗੁਰੂ ਸਾਹਿਬਾਨ ਦੇ ਤਖ਼ਤਾਂ ਤੋਂ ਬਿਨਾਂ ਕੋਈ ਤਖ਼ਤ ਨਹੀਂ ਮੰਨਿਆ। ਇਹ ਰੀਤ ਬਿਲਕੁਲ ਗਲਤ ਹੈ। ਇਸ ਤਖ਼ਤ ਦੇ ਨਾਉਂ ਨਾਲ ਇਕ ਵਿਸ਼ੇਸ਼ਣ ਹੋਰ ਭੀ ਨਾਲ ਲਾ ਲਿਆ ਹੈ– "ਨਿਰਮਲ"। ਪ੍ਰਬੰਧਕਾਂ ਨੂੰ ਇਸ ਗਲਤ ਰਾਹ ਪੈਣ ਤੋਂ ਰੋਕਣਾ ਚਾਹੀਦਾ ਹੈ ਤੇ ਸਤਿਕਾਰ ਨਾਲ ਸਮਝਾ ਕੇ ਹੋਰ ਨਾਉਂ ਰਖਿਆ ਜਾਵੇ।

(੨) ਸਰਾਧ ਦਿਵਸ--ਇਸ ਬਾਰੇ ਤਾਂ ਗੁਰਮਤਿ ਸਪੱਸ਼ਟ ਹੈ ਕਿ—

"ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ, ਕਊਆ ਕੂਕਰ ਖਾਹੀ ॥" ਪੰਨਾ ੩੩੨

ਇਹ ਸਰਾਧ ਦੀ ਮਨਾਉਤ ਗੁਰਦਵਾਰਿਆਂ ਵਿਚੋਂ ਖ਼ਤਮ ਕੀਤੀ ਜਾਵੇ। ਹੋਰ ਭੀ ਗੁਰਦਵਾਰਿਆਂ ਵਿਚ ਇਦਾਂ ਹੁੰਦਾ ਹੈ। ਇਹ ਪੰਥ ਵਲੋਂ ਹੁਕਮਨ ਬੰਦ ਹੋਣਾ ਚਾਹੀਦਾ ਹੈ।

(੩) ਸਮੂਹ ਗੁਰਦਵਾਰਿਆਂ ਦੇ ਦਰਸ਼ਨ ਕੀਤੇ ਤੇ ਸਮਾਧ ਬਾਬਾ ਬੁਢਾ ਜੀ ਨੂੰ ਮਸਤਕ ਨਿਵਾਏ– 'ਗੁਰਦਵਾਰਿਆਂ ਦੇ ਕੇਵਲ ਦਰਸ਼ਨ' ਤੇ 'ਸਮਾਧ ਨੂੰ ਮਸਤਕ ਨਿਵਾਏ' ਲਿਖਿਆ ਹੈ। ਇਹ ਭੀ ਗੁਰਮਤਿ ਤੋਂ ਉਲਟ ਕਰਮ ਹੈ –

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ...॥੧॥

[੩੩ ਸਵੈਯੇ, ਪਾ: ੧੦

ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥ [ਤ੍ਵਪ੍ਰਸਾਦਿ ਸਵੈਯੇ

ਸਮਾਧਾਂ ਨੂੰ ਮਸਤਕ ਨਿਵਾਉਣ ਵਾਲਿਆਂ ਨੂੰ ਤਾਂ ਪਸੂ ਕਰਕੇ ਦਸਿਆ ਹੈ। ਇਹਨਾਂ ਨੂੰ ਭੁਲ ਕੇ ਭੀ ਮੰਨਣ ਤੋਂ ਵਰਜਿਆ ਹੈ।

---

[ ਸਫਾ ੧੨ ਦੀ ਬਾਕੀ ]

ਹੈ ਜਾਂ ਕਰਨ ਦੀ ਪ੍ਰੇਰਨਾ ਕਰਦਾ ਹੈ, ਉਹ ਗੁਰਮਤਿ ਮਾਰਗ ਤੋਂ ਭੁਲਿਆ ਹੋਇਆ, ਸਤਿਗੁਰੂ ਤੋਂ ਬੇਮੁਖ ਹੋ ਰਿਹਾ ਹੈ।

ਇਸ ਲਈ ਜੋਦੜੀ ਹੈ ਕਿ "ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ" ਗੁਰਮਤਿ ਨੂੰ ਸਮਝੀਏ, ਸਰਾਧ ਆਦਿਕ ਕ੍ਰਿਆ ਕਰਮ ਕਰਕੇ ਗੁਰੂ ਤੋਂ ਬੇ-ਮੁਖ ਹੋ, ਵਿਛੜ ਚੋਟਾਂ ਨਾ ਖਾਈਏ, ਸਗੋਂ ਆਪਣੇ ਭਲੇ ਲਈ ਅਤੇ ਪ੍ਰਲੋਕ ਗਮਨ ਕਰ ਗਏ ਪਿਤਰਾਂ ਦੇ ਉਧਾਰ ਲਈ "ਗੁਰਮੁਖਿ ਹੋਏ ਤਜਹੁ ਬਿਕਾਰਾ ॥ ਆਪ ਤਰਹੁ ਕਰਹੁ ਪਿਤਰ ਉਧਾਰਾ" ਵਾਹਿਗੁਰੂ ਗੁਰਮੰਤ੍ਰ ਦਾ ਸਿਮਰਨ ਕਰੀਏ ਤੇ ਬੱਚੇ ਬੱਚੀਆਂ ਨੂੰ ਵੀ ਇਹੋ ਅਸੀਸ ਦੇਵੀਏ, ਜੋ ਕਿਤੇ ਪੂਜਯ ਮਾਤਾ ਬੀਬੀ ਭਾਨੀ ਜੀ ਨੇ ਆਪਣੇ ਲਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿਤੀ ਸੀ, ਜਿਸ ਦੇ ਗੁਰਦੇਵ ਆਪ ਰਾਗ ਗੂਜਰੀ ਵਿਚ ਜ਼ਿਕਰ ਕਰਦੇ ਹਨ–

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ, ਪਿਤਰੀ ਹੋਇ ਉਧਾਰੋ ॥
ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ, ਜਾ ਕਾ ਅੰਤੁ ਨ ਪਾਰੋ ॥੧॥

[ਗੂਜਰੀ ਮ: ੫, ਪੰਨਾ ੪੯੬



www.AKJ.Org

# ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*

[ ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ (ਗੁੜਗਾਉਂ) ]

ਹਰ ਧਰਮ, ਹਰ ਮਜ਼ਹਬ, ਹਰ ਫਿਰਕੇ ਵਿਚ ਉਨ੍ਹਾਂ ਦੇ ਆਗੂਆਂ ਵਲੋਂ ਉਲੀਕੇ ਅਸੂਲਾਂ/ਨਿਯਮਾਂ ਅਨੁਸਾਰ ਪ੍ਰਭੂ ਭਗਤੀ, ਨਾਮ ਸਿਮਰਨ, ਬੰਦਗੀ ਜਾਂ ਇਬਾਦਤ ਦੀ ਪ੍ਰੇਰਨਾ ਮਿਲਦੀ ਹੈ। ਗੁਰਮਤਿ ਮਾਰਗ ਦੇ ਪੰਧਾਊਆਂ ਨੂੰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਦੇ ਹਰ ਸ਼ਬਦ ਵਿਚੋਂ ਰਹਿਨੁਮਾਈ ਪ੍ਰਾਪਤ ਹੁੰਦੀ ਹੈ ਕਿ ਨਾਮ ਸਿਮਰਨ ਹੀ ਮਨੁਖ ਦੀ ਕਲਿਆਣ ਅਥਵਾ ਆਵਾ ਗਉਣ-ਨਿਸਤਾਰੇ ਦਾ ਇਕੋ ਇਕ ਸਾਧਨ ਹੈ, ਗੁਰਵਾਕ—

ਸਤਿਜੁਗਿ ਸਤੁ ਤ੍ਰੇਤਾ ਜਗੀ ਦੁਆਪਰਿ ਪੂਜਾ ਚਾਰ ॥
ਤੀਨੋ ਜੁਗ ਤੀਨੋ ਦਿੜੇ ਕਲਿ ਕੇਵਲ ਨਾਮ ਅਧਾਰ ॥
[ਗਉੜੀ ਰਵਿਦਾਸ ਜੀ, ਪੰਨਾ ੩੪੬

ਤਥਾ—ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮ ॥
[ਆਸਾ ਮ: ੫, ਪੰਨਾ ੪੦੧

ਇਸ ਪਵਿਤ੍ਰ ਧੁਰ ਕੀ ਆਈ ਬਾਣੀ ਵਿਚ ਮਨੁੱਖ ਨੂੰ ਪੁਕਾਰ ਪੁਕਾਰ ਕੇ ਸੰਬੋਧਨ ਕੀਤਾ ਗਿਆ ਹੈ ਕਿ ਨਾਮ-ਸਿਮਰਨ ਕਰਕੇ ਹੀ ਤੂੰ ਦਰਗਾਹ ਵਿਚ ਸੁਹੇਲਾ ਹੋ ਕੇ ਜਾਵੇਂਗਾ। ਇਸ ਬਾਣੀ ਦੇ ਰਚਣਹਾਰ ਗੁਰੂ ਜੋਤਾਂ ਭਗਤਾਂ ਆਦਿ ਸਭ ਨੇ ਨਾਮ ਜਪਣ ਦੀ ਕਰੜੀ ਤਾਕੀਦ ਕੀਤੀ ਹੈ, ਤੇ ਨਾਲ ਹੀ ਨਾਮ ਦੀ ਸ੍ਰੇਸ਼ਟਤਾ ਤੇ ਵਡਿਆਈ ਵੀ ਕਥਨ ਕੀਤੀ ਹੈ। ਗੁਰਬਾਣੀ ਵਿਚੋਂ ਕੁਝ ਪ੍ਰਮਾਣ—

ਮਹਲਾ ੧—

ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥੫॥ ਜਪੁਜੀ
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥੨੦॥ ਜਪੁਜੀ
ਬਾਂਧਾ ਛੂਟੈ ਨਾਮੁ ਸਮ੍ਹਾਲਿ ॥੨॥(੮॥੩)
ਆਸਾ, ਪੰਨਾ ੪੧੨

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਧਨਾਸਰੀ, ੬੮੭
ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥(੪॥੩)
ਬਿਲਾਵਲ, ੭੯੬

ਮਹਲਾ ੩—

ਨਾਨਕ ਨਾਮ ਬਿਨਾ ਕੋ ਮੁਕਤਿ ਨਾ ਹੋਈ ॥੪॥੧੦॥
ਗਉੜੀ, ੧੬੧
ਅਤਿ ਨਿਰਮਲੁ ਗੁਰ ਸਬਦ ਵੀਚਾਰ ॥
ਨਾਨਕ ਨਾਮਿ ਸਵਾਰਣਹਾਰ ॥੪॥੪॥੪੩॥
ਆਸਾ, ੩੬੨
ਇਸ ਜੁਗ ਮਹਿ ਨਿਰਭਉ ਹਰਨਾਮੁ ਹੈ
ਪਾਈਐ ਗੁਰ ਵੀਚਾਰ ॥੨(੪॥੩੯॥੧੩॥੫੨)
ਆਸਾ, ੩੬੫

ਮਹਲਾ ੪—

ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥
ਸਿਰੀ ਰਾਗ, ਪੰਨਾ ੪੦
ਜਹਿ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ ॥ ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ ॥
ਧਨਾਸਰੀ, ੬੭੦
ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥
ਸੂਹੀ, ੭੩੩
ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ
ਖੇਵਟੁ ਗੁਰ ਸਬਦਿ ਤਰਹੁ ॥੧॥ (੪॥੪)
ਬਿਲਾਵਲੁ, ੭੯੯

ਮਹਲਾ ੫—

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥੨॥(੧)
ਗਉੜੀ ਸੁਖਮਨੀ, ੨੬੨
ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥

---

* ਬਸੰਤ ਮ: ੫, ਪੰਨਾ ੧੧੮੫



www.AKJ.Org

ਬਿਖੁ ਮਾਇਆ ਮਹਿ ਨਾ ਓਇ ਖਪਤੇ ॥੩੬॥
ਗਉੜੀ ਬਾਵਨ ਅਖਰੀ, ੨੫੭
ਕਰਮ ਧਰਮ ਅਨੇਕ ਕਿਰਿਆ
ਸਭ ਊਪਰਿ ਨਾਮੁ ਅਚਾਰੁ ॥੨॥(੧੩੮)
ਆਸਾ, ੪੦੫
ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ ॥੧॥
ਸੂਹੀ, ੭੬੧
ਗੰਗਾ ਜਲੁ ਗੁਰ ਗੋਬਿੰਦ ਨਾਮ ॥
ਜੋ ਸਿਮਰੈ ਤਿਸ ਕੀ ਗਤਿ ਹੋਵੈ,
ਪੀਵਤ ਬਹੁੜਿ ਨ ਜੋਨਿ ਭ੍ਰਮਾਮ॥੧॥ਰਹਾਉ॥(੪॥੮)
ਭੈਰਉ, ੧੧੩੭
ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਬਸੰਤ, ੧੧੮੫
ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ ॥
ਅੰਮ੍ਰਿਤ ਨਾਮੁ ਨਾਰਾਇਣ
ਨਾਨਕ ਪੀਵਤੰ ਸੰਤ ਨ ਤ੍ਰਿਪਤੇ ॥੨੫॥
ਸਹਸਕ੍ਰਿਤੀ, ੧੩੫੬

ਮਹਲਾ ੯–
ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥ ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥੧॥ਰਹਾਉ॥
ਸੋਰਠਿ, ੬੩੧
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥੩॥੩॥ ਸੋਰਠਿ, ੬੩੧
.. ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ ॥੧॥ ਜੈਜਾਵੰਤੀ, ੧੩੫੨
ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥
ਨਿਸਿਦਿਨੁ ਜੋ ਨਾਨਕ ਭਜੈ
ਸਫਲ ਹੋਹਿ ਤਿਹ ਕਾਮ ॥੨੦॥ ਸਲੋਕ, ੧੪੨੭

ਭਗਤ ਕਬੀਰ ਜੀ–
ਕਹਤੁ ਕਬੀਰੁ ਕੋਈ ਨਹੀ ਤੇਰਾ ॥
ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥੩॥੯॥
ਸੋਰਠਿ, ੬੫੬
ਰਾਮ ਨ ਜਪਹੁ ਕਵਨ ਭ੍ਰਮ ਭੂਲੇ
ਤੁਮ ਤੇ ਕਾਲੁ ਨ ਦੂਰੇ.. ॥੨॥(੪॥੪)
ਕੇਦਾਰਾ, ੧੧੨੪
ਕੇਵਲਿ ਨਾਮੁ ਜਪਹੁ ਰੇ ਪ੍ਰਾਨੀ
ਤਬ ਹੀ ਨਿਹਚੈ ਤਰਨਾ ॥੬॥੨॥ ਪ੍ਰਭਾਤੀ, ੧੩੪੯
ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥੨੨੩॥
ਸਲੋਕ, ੧੩੭੬
ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥ ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ ॥੧੮੬॥ ਸਲੋਕ, ੧੩੭੪

ਭਗਤ ਰਵਿਦਾਸ ਜੀ–
ਰਵਿਦਾਸੁ ਜਪੈ ਰਾਮ ਨਾਮਾ ॥ ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥ ਸੋਰਠਿ, ੬੫੯
ਕਰਿ ਬੰਦਿਗੀ ਛਾਡਿ ਮੈ ਮੇਰਾ ॥
ਹਿਰਦੈ ਨਾਮੁ ਸਮਾਰਿ ਸਵੇਰ ॥੨॥ ਸੂਹੀ, ੭੯੪
ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥
ਜਪਿ ਮੁਕੰਦ ਮਸਤਕਿ ਨੀਸਾਨੰ ॥੨॥ ਗੋਂਡ, ੮੭੫
ਕਹਿ ਰਵਿਦਾਸ ਸਭੈ ਜਗੁ ਲੂਟਿਆ ॥
ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥੩॥
ਸੂਹੀ, ੭੯੪

ਭਗਤ ਨਾਮਦੇਵ ਜੀ–
ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥
ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥੪॥੫॥
ਭੈਰਉ, ੧੧੬੪
ਛੋਡਿ ਛੋਡਿ ਰੇ ਪਾਖੰਡੀ ਮਨ ਕਪਟ ਨ ਕੀਜੈ ॥
ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥੧॥ਰਹਾਉ॥
ਰਾਮਕਲੀ, ੯੭੩
ਏਕਲ ਚਿੰਤਾ ਰਾਖੁ ਅਨੰਤਾ
ਅਉਰ ਤਜਹੁ ਸਭ ਆਸਾ ਰੇ ॥ ਮਾਲੀ ਗਉੜਾ,੯੮੮

ਫਰੀਦ ਜੀ–
ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰ ਥੀਏ॥੧॥ਰਹਾਉ
ਆਸਾ, ੪੮੮


www.AKJ.Org

ਜੋ ਸਿਰੁ ਸਾਂਈ ਨਾ ਨਿਵੈ
ਸੋ ਸਿਰੁ ਕਪਿ ਉਤਾਰਿ ॥੭੧॥ ਸਲੋਕ, ੧੩੮੧

ਕਲਗੀਧਰ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰ ਨਦਰ ਤੋਂ ਵਰੋਸਾਏ ਫ਼ਾਰਸੀ ਦੇ ਲਾਸਾਨੀ ਸ਼ਾਇਰ ਭਾਈ ਨੰਦ ਲਾਲ ਜੀ 'ਗੋਯਾ' ਨੇ ਵੀ ਆਪਣੀ ਰਚਨਾ ਵਿਚ ਕਈ ਥਾਵਾਂ ਤੇ ਨਾਮ ਸਿਮਰਨ ਦੇ ਪੱਖ ਨੂੰ ਸਪੱਸ਼ਟ ਕੀਤਾ ਹੈ ਕਿ ਮਨੁਖੀ ਸਰੀਰ ਮਿਲਿਆ ਹੀ ਹਰਿ ਚਿੰਤਨ ਪ੍ਰਭੂ ਸਿਮਰਨ ਭਜਨ ਲਈ ਹੈ—

ਹਵਾਏ ਬੰਦਗੀ ਆਵੁਰਦ, ਦਰ ਵਜੂਦ ਮਰਾ ॥
ਵਗਰਨਹ ਜ਼ੌਕਿ ਚੁਨੀਂ ਆਮਦਨ,ਨਬੂਦ ਮਰਾ॥੧॥(੧)

ਪੰਜਾਬੀ ਉਲਥਾ ਤੀਰ ਜੀ—
ਇਸ ਦੇਹੀ ਵਿਚ ਭਗਤਾ-ਲੋਚਾ, ਸਾਨੂੰ ਹੈ ਲੈ ਆਈ ।
ਨਹੀਂ ਤਾਂ ਏਥੇ ਇਉਂ ਆਵਣ ਦੀ,
ਚਾਹ ਨਹੀਂ ਸੀ ਰਾਈ ॥੧॥

ਸਿਮਰਨ-ਹੀਨ ਸਰੀਰ ਤਾਂ ਸੰਸਾਰ ਉਤੇ ਵਾਧੂ ਭਾਰ ਹੈ—

ਖੁਸ਼ ਅਸਤ ਉਮਰ ਕਿ ਦਰ ਯਾਦ ਬਿ-ਗੁਜ਼ਰਦ,ਵਰਨਾ-
ਚਿ ਹਾਸਿਲ ਅਸਤ,ਅਜ਼ੀਂ ਗੁੰਬਦਿ ਕਬੂਦਮਰਾ॥੨(੧)

ਪੰਜਾਬੀ ਉਲਥਾ ਵਲੋਂ ਤੀਰ ਜੀ—
ਉਹੀ ਆਰਬਲਾ ਹੈ ਸਫਲੀ, ਯਾਦ ਅੰਦਰ ਜੋ ਬੀਤੇ ।
ਨਹੀਂ ਤਾਂ ਨੀਲੇ ਅੰਬਰ ਹੇਠਾਂ,ਸਾਸ ਅਕਾਰਥ ਲੀਤੇ।੨।

ਉਪਰ ਦਿਤੇ ਪ੍ਰਮਾਣਾਂ ਤੋਂ ਭਲੀ ਭਾਂਤ ਪਤਾ ਚਲਦਾ ਹੈ ਕਿ ਨਾਮ ਸਿਮਰਨ ਤੋਂ ਬਗੈਰ ਮਨੁਖ ਦਾ ਜੀਵਨ ਵਿਅਰਥ ਹੀ ਨਹੀਂ, ਸਗੋਂ ਦੁਖਾਂ ਦਾ ਘਰ ਹੈ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਤਾਂ ਸਪੱਸ਼ਟ ਫੁਰਮਾਇਆ ਹੈ—

ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥ ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥੧॥
ਜੈਤਸਰੀ ਮ: ੪, ਪੰਨਾ ੬੯੭

ਕਬੀਰ ਜੀ ਨੇ ਤਾਂ ਨਾਮ-ਹੀਣ, ਸਿਮਰਨ-ਹੀਣ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ—

ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥
ਬਿਧਵਾ ਕਸ ਨ ਭਈ ਮਹਤਾਰੀ ॥੧॥
ਜਿਹ ਨਰ ਰਾਮ ਭਗਤਿ ਨਹਿ ਸਾਧੀ ॥
ਜਨਮਤ ਕਸ ਨ ਮੁਓ ਅਪਰਾਧੀ ॥੧॥ਰਹਾਉ॥
ਮੁਚੁ ਮੁਚੁ ਗਰਭ ਗਏ ਕੀਨ ਬਚਿਆ ॥
ਬੁਡਭੁਜ ਰੂਪ ਜੀਵੇ ਜਗ ਮਝਿਆ ॥੨॥
ਕਹੁ ਕਬੀਰ ਜੈਸੇ ਸੁੰਦਰ ਸਰੂਪ ॥
ਨਾਮ ਬਿਨਾ ਜੈਸੇ ਕੁਬਜ ਕੁਰੂਪ ॥੩॥੨੫॥
[ਗਉੜੀ, ਪੰਨਾ ੩੨੮

ਗੁਰਮਤਿ ਮਾਰਗ ਦੇ ਪਾਂਧੀਆਂ ਲਈ ਤਿੰਨ ਕਰਤਵ ਮੁਖ ਹਨ:—

ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ। "ਉਠਤ ਬੈਠਤ ਸੋਵਤ ਨਾਮ"* ਅਤੇ 'ਘਾਲਿ ਖਾਇ ਕਿਛੁ ਹਥਹੁ ਦੇਇ"† ਦੀ ਦਸ਼ਾ ਵਿਚ ਵਿਚਰਦਾ ਹੋਇਆ ਜਗਿਆਸੂ "ਸਦਾ ਵਿਗਾਸ" ਦੀ ਮਨਜ਼ਲ ਤੇ ਪੁਜਦਾ ਹੈ।

ਆਤਮਕ ਮੰਡਲਾਂ ਵਿਚ ਪ੍ਰਵੇਸ਼ ਕਰਨ ਲਈ ਨਾਮ ਤੋਂ ਸਿਵਾ ਹੋਰ ਕੋਈ ਵੀ ਸਾਧਨ ਨਹੀਂ। ਨਾਮ ਹੀ ਪ੍ਰਭੂ ਦਾ ਮੇਲਣਹਾਰ ਹੈ। ਜਿਨ੍ਹਾਂ ਨੇ ਨਾਮ ਦੁਆਰਾ ਇਹ ਸਹਿਜ ਅਵਸਥਾ ਪ੍ਰਾਪਤ ਕਰ ਲਈ ਹੈ ਉਨ੍ਹਾਂ ਮਹਾਂ ਪੁਰਖਾਂ, ਗੁਰਮੁਖਾਂ ਸੰਤਾਂ, ਹਰਿ ਜਨਾਂ, ਬ੍ਰਹਮ ਗਿਆਨੀਆਂ ਲਈ ਸਾਹਿਬ ਸ੍ਰੀ ਗੁਰੂ ਅਮਰ ਦਾਸ ਜੀ ਨੇ ਬਾਣੀ ਵਿਚ ਫੁਰਮਾਇਆ ਹੈ:—

ਜੋ ਧਾਰਿ ਰਾਖਿਅਨੁ ਮੇਲਿ ਮਿਲਾਇ ॥
ਕਦੇ ਨ ਵਿਛੁੜਹਿ ਸਬਦ ਸਮਾਇ ॥
ਗਉੜੀ ਗੁਆਰੇਰੀ ਮ: ੩, ਪੰਨਾ ੨੫੯

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥
ਨਾਨਕ ਹਰਿ ਪ੍ਰਭ ਆਪੇ ਮੇਲੇ ॥੪॥(੨੨)
ਗਉੜੀ ਸੁਖਮਨੀ ਮ: ੫

---

*ਗਉੜੀ ਸੁਖਮਨੀ ਮ: ੫, ॥੬॥(੧੭)
†ਸਲੋਕ ਮ: ੧, ਵਾਰ ਸਾਰੰਗ, ॥੧॥(੨੨)



www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੭)

[ਵਲੋਂ --ਕੈਪਟਨ ਸਵਰਨ ਸਿੰਘ ਜੀ, ਘੜਿਆਲਾ]

ਡਾਕਟਰ ਗੋਕਲ ਚੰਦ ਜੀ ਨਾਰੰਗ ਦੀ ਅੰਗ੍ਰੇਜ਼ੀ ਲਿਖਤ ਦਾ ਪੰਜਾਬੀ ਅਨੁਵਾਦ ਹੈ :—

''ਸਿਖ ਭਾਵੇਂ ਕਾਫੀ ਕਮਜ਼ੋਰ ਹੋ ਚੁਕੇ ਸਨ, ਪਰ ਉਹਨਾਂ ਵਿਚ ਕੋਈ ਢਹਿੰਦੀ ਕਲਾ ਵਾਲੀ ਗੱਲ ਨਹੀਂ ਸੀ।... ... ਉਹਨਾਂ ਦਾ ਇਹ ਯਕੀਨ ਬੱਝ ਚੁਕਿਆ ਸੀ ਕਿ ਖਾਲਸਾ ਜੀ ਵੀ ਇਕ ਸਾਜੀ ਨਿਵਾਜੀ ਕੌਮ ਹੈ। ਉਹ ਕੋਈ ਲੋਟੂਆਂ ਤੇ ਧਾੜਵੀਆਂ ਦਾ ਟੋਲਾ ਨਹੀਂ ਕਿ ਆਪਣੀ ਜਾਨ ਬਚਾਉਣ ਲਈ ਸਰਕਾਰ ਨਾਲ ਲੜ ਭਿੜ ਰਿਹਾ ਹੈ ਤੇ ਸਰਕਾਰ ਉਹਨਾਂ ਨੂੰ ਅਗੇ ਲਾ ਕੇ ਧਸੀ ਫਿਰਦੀ ਤੇ ਘਰਕਾਈ ਫਿਰਦੀ ਹੈ। ਸਗੋਂ ਉਹਨਾਂ ਦਾ ਕੋਈ ਮਨੋਰਥ ਹੈ। ਰਾਜ-ਸਤਾ ਕਾਇਮ ਕਰਨ ਦਾ ਉਨ੍ਹਾਂ ਦਾ ਹੱਕ ਮੁਸਲਮਾਨਾਂ, ਖਾਸ ਕਰ ਕੇ ਦੁਰਾਨੀਆਂ ਨਾਲੋਂ, ਜਿਨ੍ਹਾਂ ਨੂੰ ਉਹ ਧਾੜਵੀ ਤੇ ਧਕੇ ਸ਼ਾਹ (ਜਾਬਰ) ਸਮਝਦੇ ਸਨ, ਕਿਤੇ ਜ਼ਿਆਦਾ ਹੈ। ਖਾਲਸਾ ਜੀ, ਆਪਣੇ ਬਾਹੂ ਬਲ ਅਤੇ ਮਹਾਰਾਜਾ ਆਲਾ ਸਿੰਘ ਨੂੰ ਮਿਲੇ ਹੋਏ ਰਾਜ-ਪਦ ਦੇ ਸਨਮਾਨ ਤੇ ਸਤਿਕਾਰ ਤੋਂ ਪੂਰੀ ਤਰ੍ਹਾਂ ਸੁਚੇਤ ਸੀ। ਇਹ ਸਚਾਈ ਉਹਨਾਂ ਦੇ ਸਵੈ-ਨਿਸਚੇ ਤੇ ਭਰੋਸੇ ਨੂੰ ਹੋਰ ਵੀ ਪਕਿਆਂ ਕਰਦੀ ਸੀ ਕਿ ਅਹਿਮਦ ਸ਼ਾਹ ਦੁਰਾਨੀ ਵਰਗੇ, ਜਿਸ ਦੇ ਨਾਂ ਤੋਂ ਦੁਨੀਆਂ ਕੰਬਦੀ ਹੈ, ਦੇ ਦਿਲ ਵਿਚ ਉਹਨਾਂ ਦਾ ਸਤਿਕਾਰ ਹੈ ਤੇ ਉਹ ਉਹਨਾਂ ਦਾ ਲੋਹਾ ਮੰਨਦਾ ਹੈ।''*

ਇਹ ਸਤਰਾਂ ਖਾਲਸਾ ਜੀ ਤੇ ਅਹਿਮਦ ਸ਼ਾਹ ਦੁਰਾਨੀ ਦੀ ਇਕ ਸੁਹਣੀ ਸਾਂਝੀ ਤਸਵੀਰ ਖਿਚਦੀਆਂ ਹਨ।

* ਡ : ਗੋਕਲ ਚੰਦ ਨਾਰੰਗ 'ਟਰਾਂਸਫਾਰਮੇਸ਼ਨ ਆਫ ਸਿਖਇਜ਼ਮ, ਸਫਾ ੧੪੧

## *ਸ਼ਾਹ ਦਾ ਲਾਹੌਰ ਠਹਿਰਨਾ, ਚੁਮਾਸੇ ਵਿਚ ਕਲਾਨੌਰ, ਕਲਾਨੌਰੋਂ ਸਤੰਬਰ ਤੇ ਅਖੀਰਲੇ ਹਫਤੇ ਵਾਪਸ ਲਾਹੌਰ ਆਉਣਾ—*

ਸਰਹੰਦੋਂ ਆ ਕੇ ਸ਼ਾਹ ਕੁਝ ਅਰਸਾ ਲਾਹੌਰ ਠਹਿਰਿਆ। ਜੂਨ ਦੇ ਸ਼ੁਰੂ ਤਕ ਲਾਹੌਰ ਵਿਚ ਬੈਠ ਕੇ ਸਿਖਾਂ ਨੂੰ ਵਡੇ ਘਲੂਘਾਰੇ ਵਿਚ ਮਾਰੀ ਸੱਟ ਦਾ ਅਸਰ ਵੇਖਣਾ ਤੇ ਸੁਆਦ ਲੈਣਾ ਚਾਹੁੰਦਾ ਸੀ। ਅਬਦਾਲੀ ਦੇ ਮਨ ਤੇ ਮਨ-ਭਾਉਂਦਾ ਅਸਰ ਨਾ ਹੋਇਆ। ਕੁਝ ਦਿਨਾਂ ਲਈ ਚੁਪ-ਚਾਂ ਰਹੀ, ਜਿੰਨਾ ਕੁ ਚਿਰ ਜ਼ਖਮੀ ਸਿੰਘ ਮਰਹਮ-ਪਟੀ ਕਰ ਕੇ ਫਿਰ ਘੋੜਿਆਂ ਦੀਆਂ ਜ਼ੀਨਾਂ ਤੇ ਨਹੀਂ ਆ ਗਏ। ਏਨੇ ਕੁ ਅਰਸੇ ਵਿਚ ਬੜੀਆਂ ਦੁਖ ਭਰੀਆਂ ਘਟਨਾਵਾਂ ਹੋਈਆਂ। ਜੂਨ ਦੀ ਗਰਮੀ ਉਸ ਲਈ ਅਸਹਿ ਸੀ, ਸੋ ਕੈਂਪ ਕਲਾਨੌਰ ਬਦਲ ਲਿਆ।

ਘਲੂਘਾਰੇ ਤੋਂ ਪਿਛੋਂ ਅਬਦਾਲੀ ਤਾਂ ਸਰਹੰਦੋਂ ਹੋ ਕੇ ਲਾਹੌਰ ਮੁੜ ਗਿਆ, ਪਰ ਦੇਸੀ ਮੁਸਲਮਾਨ ਪੁਤਲੀਆਂ ਨੂੰ ਆਪਣਾ ਨਾਚ ਕਰਨ ਦੀ ਖੁਲ੍ਹ ਦੇ ਗਿਆ। ਮਿਸਾਲ ਵਜੋਂ ਸ਼ੇਖ ਫ਼ਤਹ ਮੁਹੰਮਦ ਖਾਂ ਤੇ ਮੁਹੰਮਦ ਸ਼ਾਹ ਕੋਟ ਕਛੂਏ ਦੇ ਨਵਾਬਾਂ ਨੇ ਬੜੇ ਉਘੇ ਉਘੇ ਤੇ ਸਿਆਣੇ ਸਿਆਣੇ ਹਿੰਦੂ, ੩੦੦ ਦੇ ਕਰੀਬ ਆਪਣੀਆਂ ਰਿਆਸਤਾਂ ਵਿਚੋਂ ਬੰਨ੍ਹ ਮੰਗਵਾਏ। ਇਹਨਾਂ ਤੇ ਬੜਾ ਤਸੱਸ਼ਦ ਕੀਤਾ। ੨੦੦ ਨੇ ਤਾਂ ਮੁਸਲਮਾਨ ਬਣ ਕੇ ਜਾਨ ਬਚਾਈ, ਤੇ ਬਾਕੀ ਜੋ ਸੋ ਕੁ ਸਨ, ਉਨ੍ਹਾਂ ਨੇ ਆਪਣਾ ਧਰਮ ਛਡਣਾ ਮਨਜ਼ੂਰ ਨਾ ਕੀਤਾ। ਇਹ ਬੁਰੀ ਤਰ੍ਹਾਂ ਕਤਲਾਏ ਗਏ।†

† ਗਿਆਨੀ ਗਿਆਨ ਸਿੰਘ—ਸ਼ਮਸ਼ੇਰ ਖਾਲਸਾ ਭਾਗ ਦੂਜਾ-੨੦੭



www.AKJ.Org

## ਖਾਲਸੇ ਦਾ ਲਖੀ ਜੰਗਲ ਦੀ ਲੁੱਕ ਤੋਂ ਫਿਰ ਖੁਲ੍ਹੇ ਮੈਦਾਨ ਵਿਚ ਆਉਣਾ

ਮਾਲਵੇ ਦੇ ਇਲਾਕੇ ਤੇ ਲਖੀ ਜੰਗਲ ਦੀ ਲੁੱਕ ਵਿਚ ਸਿੰਘ ਘਲੂਘਾਰੇ ਵਿਚ ਲਗਿਆਂ ਜ਼ਖਮਾਂ ਦਾ ਦਵਾ ਦਾਰੂ ਕਰ-ਕਰਾ ਰਹੇ ਸਨ, ਜਦ ਉਹਨਾਂ ਨੂੰ ਦਰਬਾਰ ਸਾਹਿਬ ਦੀ ਅਬਦਾਲੀ ਵਲੋਂ ਕੀਤੀ ਗਈ ਬੇਅਦਬੀ ਦੀ ਹਿਰਦੇ-ਵੇਧਕ ਖਬਰ ਪੁਜੀ। ਜਿਹੜੇ ਸਿੰਘ ਆਪਣੀਆਂ ਜਾਨਾਂ ਤਲੀ ਤੇ ਰਖੀ ਫਿਹਦੇ ਸਨ ਤੇ ਜਾਨਾਂ ਦੀ ਕਦੀ ਪਰਵਾਹ ਨਹੀਂ ਸਨ ਕਰਦੇ, ਉਹ ਆਪਣੇ ਗੁਰਧਾਮਾਂ ਦੀ ਬੇਅਦਬੀ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਖਾਲਸੇ ਦੇ ਜੀਊਂਦਿਆਂ ਹੀ ਹਰੀਮੰਦਰ ਸਾਹਿਬ ਦਾ ਇਹ ਹਾਲ। ਖਾਲਸੇ ਨੂੰ ਭੰਬਾਕੇ ਮੱਚ ਗਏ। ਪਰ ਸਾਰਾ ਖਾਲਸਾ ਅਜੇ ਨੌ-ਬਰ-ਨੌ ਹੋ ਕੇ ਪੂਰੀ ਜੰਗ ਦੀ ਸਥਿਤੀ ਵਿਚ ਨਹੀਂ ਸੀ ਆਇਆ, ਇਸ ਲਈ ਫੈਸਲਾ ਹੋਇਆ ਕਿ ਅਬਦਾਲੀ ਨਾਲ ਟੱਕਰਨ ਤੋਂ ਪਹਿਲਾਂ ਲਾਗੇ ਲਾਗੇ ਦੇ ਵੈਰੀ ਠੱਪ ਲਏ ਜਾਣ। ਸੋ ਫੈਸਲੇ ਅਨੁਸਾਰ ਨਵਾਬ ਮਲੇਰ ਕੋਟਲਾ ਭੀਖਣ ਖਾਂ ਤੇ ਜ਼ੈਨ ਖਾਂ ਗਵਰਨਰ ਸਰਹਿੰਦ, ਜਿਨ੍ਹਾਂ ਨੇ ਘਲੂਘਾਰੇ ਦੇ ਵੇਲੇ ਬੜਾ ਉੱਘਾ ਭਾਗ ਲਿਆ ਸੀ ਤੇ ਖਾਲਸਾ ਜੀ ਨੂੰ ਖਤਮ ਕਰਨ ਦਾ ਬਾਨ੍ਹਣੂ ਬੰਨ੍ਹਿਆ ਸੀ, ਨੂੰ ਸਾਰ (ਲੋਹੇ) ਦੇ ਚਣੇ ਚਬਾਏ ਜਾਣ ।*

## ਮਲੇਰ ਕੋਟਲੇ ਤੇ ਚੜ੍ਹਾਈ–

ਅਜੇ ਭਾਵੇਂ ਖਾਲਸਾ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਸੀ ਹੋਇਆ, ਪਰ ਅਰਦਾਸ ਹੋ ਚੁਕੀ ਸੀ। ਭਾਵੇਂ ਅਬਦਾਲੀ ਲਾਹੌਰ ਬੈਠਾ ਸੀ ਤੇ ਘਲੂਘਾਰੇ ਵਾਪਰੇ ਨੂੰ ਪੂਰੇ ਤਿੰਨ ਮਹੀਨੇ ਵੀ ਨਹੀਂ ਸਨ ਹੋਏ ਕਿ ਦਲ ਖਾਲਸਾ ਸ: ਜੱਸਾ ਸਿੰਘ ਤੇ ਸ: ਚੜ੍ਹਤ ਸਿੰਘ ਦੀ ਕਮਾਨ ਥਲੇ ਮਲੇਰ ਕੋਟਲੇ ਦੇ ਉਤੇ ਆਣ ਚੜ੍ਹਿਆ। ਨਵਾਬ ਭੀਖਣ ਖਾਂ ਦੀ ਖਾਨਿਓਂ ਗਈ। ਉਸ ਤੋਂ ਖੂਬ ਹੀਲਾਂ ਮੰਨਵਾਈਆਂ ਅਤੇ ਨੱਕ ਨਾਲ ਲਕੀਰਾਂ ਕਢਾ ਕਢਾ ਕੇ ਨਜ਼ਰਾਨੇ ਲਏ। ਕੱਲ ਦੇ ਭੂਤਰੇ ਹੋਏ ਖਾਲਸਾਈ ਤੇਗ ਦੀ ਤਾਬ ਨਾ ਲਿਆ ਸਕੇ ਤੇ ਤੌਬਾ ਤੌਬ ਕਰ ਉਠੇ। ਇਹ ਅਪ੍ਰੈਲ ਦੇ ਪਿਛਲੇ ਹਫਤੇ ਦੇ ਆਖਰੀ ਦੋ ਦਿਨਾਂ ਦਾ ਵਾਕਿਆ ਹੈ।

ਲਗਦੇ ਹੱਥ ਦੀਵਾਨ ਲਛਮੀ ਸਹਾਏ ਨੂੰ ਤੇ ਰਾਇ ਅਲਿਆਸ (ਅਲਯਾਸ) ਦੇ ਮੁਸਾਹਿਬ ਮੌਲਵੀ ਰਹਿਮਤਉੱਲਾ ਆਦਿਕ ਨੂੰ ਉਨ੍ਹਾਂ ਦਿਆਂ ਪਿੰਡਾਂ ਵਿਚ ਘੇਰਿਆ।*

ਰਾਏ ਕੋਟ ਸ਼ਹਿਰ ਦੇ ਵੱਡੇ ਵੱਡੇ ਚੌਧਰੀਆਂ ਨੂੰ ਫੜ ਕੇ ਕਰਨੀ ਦਾ ਪੂਰਾ ਪੂਰਾ ਫਲ ਭੁਗਤਾਇਆ। ਉਤਲੇ ਤਿੰਨਾਂ ਜਾਬਰਾਂ ਦੀ ਤਾਂ ਬੁਰੀ ਬਾਬ ਕਰ ਕੇ ਤਰਸਾ ਤਰਸਾ ਕੇ ਜਾਨ ਕਢੀ।

## ਸਰਹੰਦ ਤੇ ਹਮਲਾ ਤੇ ਜ਼ੈਨ ਖਾਂ ਦੀ ਹਾਰ–

ਮਈ ਦਾ ਮਹੀਨਾ ਕੁਝ ਦਿਨ ਗਿਆ ਸੀ ਕਿ ਹੁਣ ਵਾਰੀ ਜ਼ੈਨ ਖਾਂ ਗਵਰਨਰ ਸਰਹੰਦ ਦੀ ਆ ਗਈ ਉਸ ਨੂੰ ਬੜੀ ਖੁਸ਼ਫਹਿਮੀ ਸੀ ਕਿ ਘਲੂਘਾਰੇ ਦੀ ਸੱਟ ਦੇ ਮਾਰੇ ਸਿਖ ਘਟ ਤੋਂ ਘਟ ੧੦ ਸਾਲ ਉਠ ਨਹੀਂ ਸਕਣਗੇ। ਪਰ ਉਸ ਨੂੰ ਸਿੰਘਾਂ ਦੀ ਤਾਕਤ ਤੇ ਸੁਭਾ ਦਾ ਕੀ ਪਤਾ ਸੀ! ਉਹ ਤਾਂ ਫਿਰ ਦਿਨਾਂ ਦਿਹਾੜੀਆਂ ਵਿਚ ਹੀ ਓਸੇ ਤਾਅ ਵਿਚ ਆ ਗਏ ਤੇ ਲੱਗੇ ਮੱਲਾਂ ਮਾਰਨ। ਸਰਹੰਦ ਉਤੇ ਸਿੰਘਾਂ ਦਾ ਹਮਲਾ ਏਡੀ ਫੁਰਤੀ ਨਾਲ ਹੋਇਆ ਕਿ ਜ਼ੈਨ ਖਾਂ ਨੂੰ ਹੋਸ਼ ਭੁਲ ਗਈ। ਮੁਕਾਬਲੇ ਲਈ ਉਠਿਆ ਤਾਂ ਸਹੀ, ਪਰ ਬਹੁਤ ਬੁਰੀ ਤਰ੍ਹਾਂ ਹਾਰ ਖਾਧੀ। ਜਦ ਕੋਈ ਪੇਸ਼

* ਡਾ: ਗੰਡਾ ਸਿੰਘ ਜੀ—ਸ: ਜਸਾ ਸਿੰਘ ਆਹਲੂਵਾਲੀਆ ਸਫਾ ੧੨੯

* ਨੋਟ—ਘਲੂਘਾਰੇ ਤੋਂ ਕੁਝ ਕੁ ਦਿਨ ਪਿਛੋਂ ਇਨ੍ਹਾਂ ਨੇ ਹਿੰਦੂਆਂ ਤੇ ਸਿਖਾਂ ਨੂੰ ਬੜਾ ਦੁਖੀ ਕੀਤਾ ਸੀ ਤੇ ਇਹਨਾਂ ਤੇ ਬੜੀਆਂ ਵਧੀਕੀਆਂ ਕੀਤੀਆਂ ਸਨ।



www.AKJ.Org

ਜਾਂਦੀ ਨਾ ਦਿਸੀ ਤਾਂ ੫੦,੦੦੦ ਰੁਪਏ ਨਜ਼ਰਾਨਾ ਦੇ ਕੇ ਖਾਲਸਾ ਜੀ ਨਾਲ ਸੁਲਹਾ ਕਰ ਲਈ।

## ਜ਼ੈਨ ਖ਼ਾਂ ਦੀ ਬੇਈਮਾਨੀ—

ਖ਼ਾਲਸਾ ਜੀ ਅਜੇ ਸਰਹੰਦੋਂ ਮਸਾਂ ੧੦-੧੨ ਕੋਹ ਹੀ ਗਏ ਹੋਣਗੇ ਕਿ ਜ਼ੈਨ ਖਾਂ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਅਕਾਰਨ ਹੀ ਅਚਨਚੇਤ ਹੱਲਾ ਕਰ ਕੇ ਸਿੰਘਾਂ ਦਾ ਪਿਛੇ ਪਿਛੇ ਆ ਰਿਹਾ ਸਮਾਨ ਲੁਟ ਲਿਆ। ਸ: ਜੱਸਾ ਸਿੰਘ ਜੀ ਆਦਿ ਸਰਦਾਰਾਂ ਨੂੰ ਜਦ ਜ਼ੈਨ ਖਾਂ ਤੇ ਲਛਮੀ ਨਾਰਾਇਣ ਦੀ ਕਰਤੂਤ ਦਾ ਪਤਾ ਲਗਾ ਤਾਂ ਇਕ-ਦਮ ਪਰਤੇ ਤੇ ਸ਼ੇਰਾਂ ਵਾਂਗ ਦਹਾੜਦੇ ਹੋਏ ਜ਼ੈਨ ਖਾਂ ਦੀ ਫ਼ੌਜ ਤੇ ਆਣ ਪਏ। ਜ਼ੈਨ ਖਾਂ ਤੇ ਲਛਮੀ ਨਾਰਾਇਣ ਦਾ ਸਾਰਾ ਸਾਮਾਨ ਬੁਰੀ ਤਰ੍ਹਾਂ ਲੁੱਟ ਲਿਆ ਤੇ ਇਹਨਾਂ ਨੂੰ ਪਿਛੇ ਹਰਨੌਲ ਗੜ੍ਹ (ਬਹਾਦਰ ਗੜ੍ਹ) ਵਲ ਨੂੰ ਜੋ ਸਰਹੰਦੋਂ ਕੋਈ ੧੫ ਕੁ ਕੋਹ ਸੀ, ਦਬੱਲ ਕੇ ਲੈ ਗਏ। ਏਥੇ ਬੜੀ ਟਿਕਵੀਂ ਤੇ ਗਹਿਗੱਚ ਲੜਾਈ ਹੋਈ ਤੇ ਜ਼ੈਨ ਖਾਂ ਨੂੰ ਬੜੀ ਤਕੜੀ ਹਾਰ ਹੋਈ। ਏਥੇ ਜ਼ੈਨ ਖਾਂ ਤੇ ਲਛਮੀ ਨਾਰਾਇਣ ਦੀਆਂ ਫ਼ੌਜਾਂ ਦਾ ਕਾਫੀ ਸਾਮਾਨ ਸਿੰਘਾਂ ਦੇ ਹੱਥ ਲਗਾ।*

ਦੀਵਾਨ ਲਛਮੀ ਨਾਰਾਇਣ ਸਿੰਘਾਂ ਨਾਲ ਬੜੀ ਖੁਣਸ ਰਖਦਾ ਸੀ। ਉਹ ਮੁਸਲਮਾਨ ਹਾਕਮਾਂ ਨਾਲੋਂ ਵੀ ਸਿੰਘਾਂ ਦਾ ਆਪਣੇ ਆਪ ਨੂੰ ਕੱਟਰ ਵੈਰੀ ਜ਼ਾਹਰ ਕਰਦਾ ਸੀ। ਇਉਂ ਲਗਦਾ ਹੈ ਕਿ ਜ਼ੈਨ ਖਾਂ ਨੇ ਲਛਮੀ ਨਾਰਾਇਣ ਦੇ ਕਹੇ ਕਹਾਏ ਸਿੰਘਾਂ ਦਾ ਪਿੱਛਾ ਲੁਟਿਆ ਸੀ, ਜਿਸ ਦੇ ਬਦਲੇ ਵਜੋਂ ਸਿੰਘਾਂ ਨੇ ਪਲਟ ਕੇ ਉਸ ਨੂੰ ਦੂਸਰੀ ਵਾਰ ਤਕੜੀ ਮਾਰ ਮਾਰੀ ਤੇ ਉਹਨਾਂ ਦਾ ਚੰਗਾ ਸਮਾਨ ਲੁਟਿਆ। ਪਹਿਲੇ ਹੱਲੇ ਵਿਚ ਲਛਮੀ ਨਾਰਾਇਣ ਦਾ ਕੋਈ ਜ਼ਿਕਰ ਨਹੀਂ ਆਉਂਦਾ। ਮਲੂਮ ਹੁੰਦਾ ਹੈ ਕਿ ਲਛਮੀ ਨਾਰਾਇਣ ਉਸ ਵੇਲੇ ਕਿਤੇ ਸਰਹੰਦੋਂ ਬਾਹਰ ਹੋਣਾ ਏ। ਸਿੰਘਾਂ ਦਾ ਪਿਛਾ ਲੁਟਣ ਦਾ ਕਾਰਾ ਉਸ ਦੀ ਭੜਕਾਹਟ ਤੇ ਹੋਇਆ ਲਗਦਾ ਹੈ। ਹਾਲਾਤ ਦੀ ਪੜਤਾਲ ਏਸੇ ਨਿਰਣੇ ਦੀ ਪੁਸ਼ਟੀ ਕਰਦੀ ਹੈ। ਡਾ: ਗੰਡਾ ਸਿੰਘ ਜੀ ਦੀ ਵੀ ਇਹੋ ਹੀ ਰਾਏ ਹੈ।*

## ਜ਼ੈਨ ਖਾਂ ਦੀ ਬੇਈਮਾਨੀ ਦਾ ਇਕ ਹੋਰ ਸਬੂਤ—

ਸ੍ਰੀ ਰਾਜਵਾੜੇ ਦੇ ਮਰਾਠਾ ਇਤਿਹਾਸ ਦੇ ਛੇਵੇਂ ਗ੍ਰੰਥ ਵਿਚ ਇਕ ਮਰਾਠੀ ਚਿਠੀ ਦਾ ਬੜਾ ਸੋਹਣਾ ਵਰਨਣ ਹੈ। ਇਸ ਦੀ ਲਿਖਣ-ਮਿਤੀ ਜੂਨ ੧੭੬੨ ਹੈ ਤੇ ਇ-ਬਾਪੂ ਨੇ, ਜੋ ਉਸ ਵੇਲੇ ਅਹਿਮਦ ਸ਼ਾਹ ਅਬਦਾਲੀ ਪਾਸ ਮਰਾਠਾ ਦੂਤ ਵਜੋਂ ਸੀ, ਨੇ ਲਾਹੌਰੋਂ ਦਾਦਾ ਸਾਹਿਬ ਨੂੰ ਲਿਖਿਆ ਸੀ। ਇਸ ਤੋਂ ਬੜੀ ਸਾਫ ਤਫ਼ਸੀਲ ਮਿਲਦੀ ਹੈ ਜੋ ਇਸ ਪ੍ਰਕਾਰ ਹੈ :—"ਮੈਂ ਇਸ ਤੋਂ ਪਹਿਲਾਂ ਰਿਪੋਰਟ ਘਲ ਚੁਕਿਆ ਹਾਂ ਕਿ ਸਰਹੰਦ ਦੇ ਪਰਗਣੇ ਵਿਚ ਸਿਖ ਬੜੀ ਗੜਬੜ ਮਚਾ ਰਹੇ ਹਨ। ਹੁਣੇ ਹੁਣੇ ਸਰਹੰਦ ਦੇ ਫੌਜਦਾਰ ਜ਼ੈਨ ਖਾਂ ਨੇ ਉਹਨਾਂ ਨੂੰ ੫੦ ਹਜ਼ਾਰ ਨਜ਼ਰਾਨਾ ਦੇ ਕੇ ਉਹਨਾਂ ਨਾਲ ਸੁਲਹਾ ਕਰ ਲਈ ਹੈ। ਸਿਖ ਅਜੇ ਮੁਸ਼ਕਲ

---

* ਰਾਜਵਾੜੇ—ਗ੍ਰੰਥ ਛੇਵਾਂ-ਚਿਠੀ ਨੰਬਰ ੩੮੪-ਸਫ਼ਾ ੪੫੩, ਸ੍ਰੀ ਜਾਦੂਨਾਥ ਸਰਕਾਰ—ਫ਼ਾਲ ਆਫ਼ ਦੀ ਮੁਗਲ ਐਂਪਾਇਰ vo—ii. ਸਫ਼ਾ ੪੯੦-੯੧ ਸ੍ਰੀ ਰਾਜਵਾੜੇ ਦੇ ਵਰਨਣ ਕੀਤੇ ਇਸ ਮਰਾਠੀ ਪਤਰ ਨੰਬਰ ੩੮੪ ਦਾ ਲਿਖਤੀ ਸਾਲ, ਜੋ ਸਾਕਾ ਸੰਮਤ ਵਿਚ ਹੈ, ੧੬੮੪ ਸਾਕਾ ਹੋਣਾ ਚਾਹੀਦਾ ਹੈ ਨਾ ਕਿ ੧੬੮੦, ਜਿਵੇਂ ਕਿ ਉਸ ਨੇ ਆਪਣੀ ਕਿਤਾਬ ਵਿਚ ਦਿਤਾ ਹੈ।

ਡਾ: ਹਰੀ ਰਾਮ ਗੁਪਤਾ ਜੀ, ਹਿਸਟਰੀ ਆਫ ਦੀ ਸਿਖਜ਼, ਭਾਗ ii ਸਫ਼ਾ ੧੮੮

ਡਾ: ਗੰਡਾ ਸਿੰਘ ਜੀ, ਅਹਿਮਦ ਸ਼ਾਹ ਦੁਰਾਨੀ, ੨੮੫, ਸ: ਜੱਸਾ ਸਿੰਘ ਜੀ, ਆਹਲੂਵਾਲੀਆ-੧੩੦

* ਡਾ: ਗੰਡਾ ਸਿੰਘ ਜੀ—ਜਸਾ ਸਿੰਘ ਆਹਲੂ-ਵਾਲੀਆ-੧੩੦

ਡਾ: ਸਾਹਿਬ ਦੀ ਵੀ ਇਹੋ ਰਾਏ ਹੈ ਕਿ ਲਛਮੀ ਨਾਰਾਇਣ ਪਹਿਲੇ ਟਾਕਰੇ ਵੇਲੇ ਸਰਹੰਦ ਹਾਜ਼ਰ ਨਹੀਂ ਜਾਪਦਾ। ਪਿਛੋਂ ਆ ਕੇ ਚੁਕ ਚੁਕਾ ਕੇ ਕਾਰਾ ਕਰਵਾਇਆ ਮਲੂਮ ਹੁੰਦਾ ਹੈ।



www.AKJ.Org

ਨਾਲ ੧੫-੨੦ ਕੋਹ ਹੀ ਗਏ ਹੋਣਗੇ ਜਦ ਜ਼ੈਨ ਖਾਂ ਨੇ ਬੜਾ ਦਗਾ ਕੀਤਾ ਤੇ ਉਨ੍ਹਾਂ ਦੇ ਪਿਛਲੇ ਹਿਸੇ ਤੇ ਹਮਲਾ ਕਰ ਕੇ, ਉਹਨੂੰ ਲੁਟ ਪੁਟ ਲਿਆ। ਤਾਂ ਫਿਰ ਸਿਖ ਤੁਰੰਤ ਪਰਤੇ ਤੇ ਜ਼ੈਨ ਖਾਂ ਦਾ ਸਾਜ਼-ਸਾਮਾਨ ਬੁਰੀ ਤਰ੍ਹਾਂ ਲੁੱਟ ਲਿਆ ਤੇ ਲਛਮੀ ਨਰਾਇਣ ਦਾ ਸਾਮਾਨ ਓਦੋਂ ਵੀ ਬੁਰੀ ਹਾਲਤ ਕਰਕੇ ਲੁਟਿਆ। ਇਸ ਤੋਂ ਪਿਛੋਂ ਇਕ ਤਕੜੀ ਟਿਕਵੀਂ ਲੜਾਈ ਸ਼ੁਰੂ ਹੋਈ। ਹੁਣ ਦੋਵੇਂ ਧਿਰਾਂ ਸਰਹੰਦੋਂ ੨੦ ਕੁ ਕੋਹਾਂ ਤੇ ਹਰਨੌਲ ਗੜ੍ਹ ਲਾਗੇ ਘਮਸਾਨ ਦੀ ਲੜਾਈ ਲੜ ਰਹੀਆਂ ਹਨ। ਤਾਜ਼ੀ ਤਾਜ਼ੀ ਖਬਰ ਇਸ ਪ੍ਰਕਾਰ ਹੈ।''*

## ਸਰਹੰਦ ਦੀ ਜਿਤ ਦਾ ਅਸਰ–

ਖਾਲਸਾ ਦਲ ਨੇ ਏਨੀ ਥੋੜੀ ਗਿਣਤੀ ਵਿਚ ਅਤੇ ਘਲੂਘਾਰੇ ਦੇ ਅਲੇ ਜ਼ਖਮਾਂ ਦੇ ਹੁੰਦਿਆਂ ਹੋਇਆਂ ਜੋ ਭੀਖਣ ਖਾਂ ਮਲੇਰ ਕੋਟਲੇ ਵਾਲੇ ਤੇ ਜ਼ੈਨ ਖਾਂ ਹਾਕਿਮ ਸਰਹੰਦ ਦੀ ਕੌਡੀ ਚਿਤ ਕੀਤੀ ਸੀ, ਤੇ ਉਹਨਾਂ ਦਾ ਕਾਫੀ ਮਾਲ ਤੇ ਜੰਗੀ ਸਾਮਾਨ ਲੁਟਿਆ ਸੀ, ਇਨ੍ਹਾਂ ਜਿੱਤਾਂ ਨੇ ਖਾਲਸਾ ਜੀ ਦੀ ਤਾਕਤ ਨੂੰ ਕਾਫ਼ੀ ਵਧਾ ਦਿਤਾ ਅਤੇ ਉਹਨਾਂ ਦੇ ਹੌਸਲੇ ਹੋਰ ਵੀ ਉੱਚੇ ਕਰ ਦਿਤੇ। ਅਹਿਮਦ ਸ਼ਾਹ ਲਾਹੌਰ ਹੁੰਦਾ ਹੋਇਆ ਵੀ ਉਹਨਾਂ ਦੇ ਖ਼ਿਲਾਫ਼ ਆਪਣੇ ਅਨੁਸਾਰੀਆਂ ਦੀ ਕੋਈ ਸਹਾਇਤਾ ਨਾ ਕਰ ਸਕਿਆ। ਖਾਲਸਾ ਜੀ ਤਾਂ ਨਿੱਤ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਹੁਣ ਝਾੜ ਝਾੜ 'ਚੋਂ ਸਿੰਘ ਖੁੰਬਾਂ ਵਾਂਗ ਉਠ ਉਠ ਕੇ ਨਾਲ ਮਿਲਣ ਲੱਗੇ।

ਜੂਨ ਦਾ ਮਹੀਨਾ ਲੰਘ ਗਿਆ ਸੀ ਤੇ ਜੁਲਾਈ ਦਾ ਸ਼ੁਰੂ ਸੀ। ਬਾਰਸ਼ਾਂ ਸ਼ੁਰੂ ਹੋ ਗਈਆਂ ਸਨ ਤੇ ਦਰਿਆ ਚੜ੍ਹਾਵਾਂ ਤੇ ਸਨ। ਅਹਿਮਦ ਸ਼ਾਹ ਜਦ ਕਲਾਨੌਰ ਚੁਮਾਸਾ ਕਟਣ ਲਈ ਆਇਆ ਹੋਇਆ ਸੀ। ਖਾਲਸੇ ਦੇ ਕੰਮ ਤੇ ਨਿਸ਼ਾਨਿਆਂ ਵਿਚ ਉਹ ਕੋਈ ਰੋਕ ਨਹੀਂ ਸੀ ਪਾ ਸਕਦਾ। ਨਾ ਉਹ ਕਿਸ ਅਨੁਸਾਰੀ ਦੀ ਇਮਦਾਦ ਹੀ ਕਰ ਸਕਦਾ ਸੀ। ਖਾਲਸਾ ਜੀ ਨੇ ਸਮੇਂ ਨੂੰ ਅਨਕੂਲ ਸਮਝ ਕੇ ਜ਼ਰਾ ਖੁਲ੍ਹ ਕੇ ਹੱਥ ਮਾਰਨੇ ਸ਼ੁਰੂ ਕਰ ਦਿਤੇ। ਮਾਝੇ, ਦੁਆਬੇ, ਮਾਲਵੇ ਤੇ ਪਟਿਆਲੇ ਤੋਂ ਅਗਲੇ ਇਲਾਕੇ ਕਰਨਾਲ ਵਲ ਨੂੰ ਚੰਗੀ ਤਰ੍ਹਾਂ ਸੋਧਿਆ ਤੇ ਉਗਰਾਹਿਆ।

## ਖਾਲਸੇ ਦਾ ਪਸਾਰ--

ਅਬਦਾਲੀ ਦੇ ਵਿੰਹਦਿਆਂ ਵਿੰਹਦਿਆਂ ਸਾਰਾ ਪੰਜਾਬ ਸਿੰਘਾਂ ਰਾਣ ਸੁਟਿਆ। ਅਹਿਮਦ ਸ਼ਾਹ ਪੰਜਾਬ ਨੂੰ ਆਪਣੀ ਤੇਗ ਦੀ ਮਾਰੀ ਮਾਰ ਸਮਝਦਾ ਸੀ। ਉਸ ਦਾ ਖਿਆਲ ਸੀ ਕਿ ਉਸ ਦੇ ਪੰਜਾਬ ਵਿਚ ਬੈਠਿਆਂ, ਉਸ ਦੀ ਮਰਜ਼ੀ ਤੋਂ ਬਿਨਾਂ ਨਾ ਵਾ ਵਗ ਸਕਦੀ ਹੈ ਨਾ ਪੱਤਾ ਹੀ ਹਿਲ ਸਕਦੈ। ਉਹ ਪਹਿਲਾਂ ਲਾਹੌਰ ਤੇ ਫਿਰ ਕਲਾਨੌਰ ਇੰਜ ਰੋਹ ਵਿਚ ਆਕੜਿਆ ਬੈਠਾ ਸੀ ਜਿਵੇਂ ਸ਼ੇਰ ਆਪਣੀ ਮਾਰ ਦੇ ਸਿਰ ਤੇ ਰਾਖਾ ਬੈਠਾ ਹੋਵੇ। ਉਹ ਅੱਗ ਫੁਕਾਰਨ ਲੱਗਾ, ਜਦ ਖਾਲਸੇ ਨੇ ਇਸ 'ਸ਼ੇਰ' ਦੀ ਦੁੰਬ ਮਰੋੜ ਕੇ ਇਹਨੂੰ ਪੱਬਾ ਪਰਨੇ ਕਰ ਦਿਤਾ। ਮਿਸਾਲ ਵਜੋਂ ਸ: ਜੱਸਾ ਆਹਲੂਵਾਲੀਏ ਤੇ ਤਾਰਾ ਸਿੰਘ ਗੈਬਾ ਨੇ ਦੁਰਾਨੀ ਬੰਦੋਬਸਤ ਦੇ ਪਰਖਚੇ ਉਡਾ ਦਿਤੇ। ਸਾਰਾ ਦੁਆਬਾ ਗਾਹ ਮਾਰਿਆ ਤੇ ਥਾਉਂ ਥਾਈਂ ਆਪਣੇ ਕਬਜ਼ੇ ਪੱਕੇ ਕਰ ਲਏ। ਸ: ਚੜ੍ਹਤ ਸਿੰਘ ਤੇ ਭੰਗੀ ਸਰਦਾਰਾਂ ਨੇ ਲਾਹੌਰ ਦੇ ਲਹਿੰਦੇ ਉੱਤਰ ਦਾ ਸਾਰਾ ਇਲਾਕਾ ਲਤਾੜ ਸੁਟਿਆ ਤੇ ਚੰਗੀ ਤਰ੍ਹਾਂ ਕਾਬੂ ਕਰ ਲਿਆ।*

ਅਹਿਮਦ ਸ਼ਾਹ ਦੀ ਤਾਕਤ ਦਾ ਅਸਰ ਓਨੀ ਕੁ ਧਰਤੀ ਉਤੇ ਸੀ ਜਿੰਨੀ ਕੁ ਉਸ ਦੇ ਪੈਰਾਂ ਥਲੇ

---

* ਰਾਜਵਾੜੇ--ਗ੍ਰੰਥ ਛੇਵਾਂ, ਚਿਠੀ ਨੰਬਰ ੩੮੪, ਸਫਾ ੪੫੩

* ਡਾ: ਗੰਡਾ ਸਿੰਘ ਜੀ--ਅਹਿਮਦ ਸ਼ਾਹ ਦੁਰਾਨੀ, ਸਫਾ ੨੮੬

ਡਾ: ਗੰਡਾ ਸਿੰਘ ਜੀ—ਸ: ਜਸਾ ਸਿੰਘ ਜੀ ਆਹਲੂਵਾਲੀਆ, ਸਫਾ ੧੩੦

ਸ਼ਮਸ਼ੇਰ ਖਾਲਸਾ ਨੰਬਰ ੨—(ਭ:ਸ਼ਾ ਵਿਭਾਗ) ਸਫਾ ੨੦੮

ਡਾ: ਹਰੀ ਰਾਮ ਜੀ ਗੁਪਤਾ, ਹਿਸਟਰੀ ਆਫ ਦੀ ਸਿਖਜ਼ vol-ii, ਸਫਾ ੧੮੮-੧੮੯



www.AKJ.Org

ਸੀ। ਸਿੰਘਾਂ ਦੇ ਗੁਰੀਲੇ ਛਾਪਾ-ਮਾਰ ਦਸਤੇ ਹਮੇਸ਼ਾ ਉਹਦੀ ਫੌਜ ਦੇ ਉਦਾਲੇ ਪੁਦਾਲੇ ਮੰਡਲਾਉਂਦੇ ਰਹਿੰਦੇ। ਸ਼ਬਖ਼ੂਨ ਮਾਰਨੇ ਸਿੰਘਾਂ ਦਾ ਰੋਜ਼ ਦਾ ਕੰਮ ਹੋ ਗਿਆ ਸੀ। ਲਾਹੌਰ ਦੇ ਉਦਾਲੇ ਪੁਦਾਲੇ ਤਾਂ ਏਨੀ ਗਿਣਤੀ ਵਿਚ ਸਿੰਘ ਜਮ੍ਹਾ ਹੋ ਕੇ ਰਹਿਣ ਤੇ ਲੁਟ ਮਾਰ ਕਰਨ ਲੱਗ ਪਏ ਕਿ ਸ਼ਹਿਰ ਦੇ ਸਿਰਫ਼ ਦੋ ਦਰਵਾਜ਼ੇ ਹੀ ਖੁਲ੍ਹਦੇ। ਤੇ ਇਹ ਵੀ ਦਿਨ ਹੁੰਦਿਆਂ ਹੀ ਬੰਦ ਹੋ ਜਾਂਦੇ। ਲਾਹੌਰ ਦਾ ਚਾਰ-ਚੁਫੇਰਾ ਖ਼ਤਰਨਾਕ ਇਲਾਕਾ ਕਰਾਰ ਦੇ ਦਿਤਾ ਗਿਆ ਸੀ। ਇਸਦਾ ਚੁਫੇਰਾ ਬਿਲਕੁਲ ਉਜਾੜ ਦਿਤਾ ਗਿਆ ਸੀ।

ਸਿੰਘਾਂ ਦੇ ਹੁਣ ਹਜ਼ਾਰ ਹਜ਼ਾਰ ਦੇ ਟੋਲੇ ਦਿਨ ਦੀਵੀਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਇਸ਼ਨਾਨ ਨੂੰ ਆਉਂਦੇ। ਮਨ-ਮਰਜ਼ੀ ਨਾਲ ਸ਼ਹਿਰ ਵਿਚ ਵਿਚਰਦੇ ਤੇ ਮਨ-ਮਰਜ਼ੀ ਨਾਲ ਜਾਂਦੇ। ਅੰਮ੍ਰਿਤਸਰ ਸਾਹਿਬ ਦੇ ਇਰਦ ਗਿਰਦ ਦਾ ਘਣਾ ਜੰਗਲ ਖਾਲਸੇ ਦੇ ਲੁਕਣ ਲਈ ਸੁਹਣਾ ਆਸਰਾ ਸੀ। ਸਭ ਤੋਂ ਬੁਰੀ ਹਾਲਤ ਲਾਹੌਰ ਦੀ ਸੀ।

ਇਹਨੀ ਦਿਨੀਂ ਤਹਿਮਾਸ ਖਾਂ ਮਸਕੀਨ ਸਰਹੰਦੋਂ ਸਿਆਲਕੋਟ ਨੂੰ ਸਫ਼ਰ ਕਰ ਕੇ ਆਇਆ ਤੇ ਫਿਰ ਵਾਪਸ ਗਿਆ। ਉਸਨੇ ਲਿਖਿਆ ਹੈ ਕਿ "ਸਿਖਾਂ ਦੀ ਤਾਕਤ ਦਿਨ ਬਦਿਨ ਬੜੀ ਤੇਜ਼ੀ ਨਾਲ ਹੈਰਾਨ-ਕੁਨ ਰਫ਼ਤਾਰ ਨਾਲ ਵਧਦੀ ਜਾ ਰਹੀ ਹੈ। ਅਫ਼ਗਾਨ ਸੂਰਮੇ ਦੇਸ਼ ਨੂੰ (ਪੰਜਾਬ ਨੂੰ) ਤਬਾਹ-ਉ-ਬਰਬਾਦ ਕਰਨ ਵਿਚ ਰੁਝੇ ਹੋਏ ਹਨ। ਹਰ ਜਗ੍ਹਾ ਆਟਾ ਬਹੁਤ ਮਹਿੰਗਾ ਹੋ ਚੁਕਿਆ ਹੈ।"†

## *ਸਿੰਘਾਂ ਦਾ ਸ਼ਾਹ ਨੂੰ ਹੋਰ ਜ਼ਿਚ ਕਰਨਾ—*

ਸਿੰਘਾਂ ਦੇ ਨਿਤ ਦਿਆਂ ਛਾਪਿਆਂ ਤੇ ਰਾਤ ਦਿਨ ਦਿਆਂ ਸਾਕਿਆਂ ਤੋਂ ਦੁਰਾਨੀ ਬਿਲਬਿਲਾ ਉਠਿਆ। ਉਹਨੇ ਬੜੀਆਂ ਤਕੜੀਆਂ ਮੁਹਿੰਮਾਂ ਖਾਲਸਾ ਜੀ ਦੇ ਖਿਲਾਫ਼ ਬੜੇ ਕਰੜੇ ਹੁਕਮ ਦੇ ਕੇ ਤੋਰੀਆਂ। ਸਿੰਘ ਨਿਕੀਆਂ ਨਿਕੀਆਂ ਟੁਕੜੀਆਂ ਵਿਚ ਵਟ ਕੇ ਸ੍ਰੀ ਅੰਮ੍ਰਿਤਸਰ ਦੇ ਆਸ ਪਾਸ ਦਿਆਂ ਜੰਗਲਾਂ ਬੇਲਿਆਂ ਵਿਚ ਛਹਿ ਮਾਰ ਗਏ। ਦੁਰਾਨੀ ਫ਼ੌਜਾਂ ਜੰਗਲਾਂ ਵਿਚ ਵੜਨੋਂ, ਖਾਸ ਕਰ ਜਦੋਂ ਪਤਾ ਸੀ ਕਿ ਅੱਗੇ ਜੰਗਲ ਵਿਚ ਸ਼ੇਰਾਂ ਨਾਲੋਂ ਵੀ ਭਿਆਨਕ ਸਿੰਘ ਸੂਰਮੇਂ ਬੈਠੇ ਹਨ, ਅਸਲੋਂ ਕਤਰਾਉਂਦੀਆਂ ਸਨ। ਦੁਰਾਨੀ ਨੇ ਹੁਣ ਵੱਡੇ ਵੱਡੇ ਪਰਖੇ ਹੋਏ ਫੌਜੀ ਅਫਸਰ ਮੁਹਿੰਮਾਂ ਦੇ ਆਗੂ ਬਣਾ ਕੇ ਸਿੰਘਾਂ ਦੇ ਖਾਤਮੇ ਲਈ ਭੇਜਣੇ ਅਰੰਭ ਕੀਤੇ। ਅਫਗਾਨੀ ਫੌਜ ਦੇ ਇਹ ਕਾਲਮ ਵੀ ਕੋਈ ਕਾਮਯਾਬੀ ਨਾ ਹਾਸਲ ਕਰ ਸਕੇ। ਇਸ ਨਾਲ ਸਿੰਘਾਂ ਨੂੰ ਸਗੋਂ ਹੋਰ ਰੋਹ ਚੜ੍ਹਿਆ। ਜੇ ਕਿਧਰੇ ਕੋਈ ਇਕਾ ਦੁਕਾ ਸਿੰਘ ਫੜਿਆ ਜਾਂਦਾ ਤਾਂ ਦੁਰਾਨੀ ਫ਼ੌਜੀ ਅਫਸਰ ਉਸ ਨੂੰ ਹਥਿਆਰ ਲਾਹ ਕੇ ਭੁੰਜੇ ਰਖ ਦੇਣ ਲਈ ਕਹਿੰਦੇ। ਸਿੰਘ ਅਗੋਂ ਕੜਕ ਕੇ ਕਹਿੰਦਾ ਕਿ ਸ਼ਸਤਰ ਪਹਿਨਣਾ ਸਾਡਾ ਧਰਮ ਹੈ। ਇਹ ਸਰੀਰ ਨਾਲੋਂ ਜੀਊਂਦਿਆਂ-ਜੀ ਵਖ ਨਹੀਂ ਕੀਤੇ ਜਾ ਸਕਦੇ।*

ਅਬਦਾਲੀ ਦਾ ਬਣਾ ਕੇ ਨੱਕ ਵਢਣ ਲਈ ਤੇ ਹਰੀਮੰਦਰ ਸਾਹਿਬ ਦੀ ਬੇਅਦਬੀ ਜਿਸ ਤੋਂ ਕਿ ਖਾਲਸਾ ਜੀ ਅਤਿ ਦੁਖੀ ਸੀ, ਜਿਸ ਦੀ ਖਾਤਰ ਜ਼ਿੰਦਗੀਆਂ ਘੋਲ ਘੁਮਾਉਣੀਆਂ ਧਰਮ ਸਮਝਦੇ ਸਨ, ਦਾ ਖਮਿਆਜ਼ਾ ਭਗਤਾਉਣ ਲਈ ਮੁਸਲਮਾਨਾਂ ਦੇ ਮਕਬਰੇ ਤੇ ਮਿਜ਼ਾਰ ਢਾਹ ਢਾਹ ਕੇ ਮਲਬਾ ਕਰ ਸੁਟਿਆ। ਵਡੀਆਂ ਵਡੀਆਂ ਮਸੀਤਾਂ ਦੀ ਓਸੇ ਤਰ੍ਹਾਂ ਬੇਅਦਬੀ ਤੇ ਬੇਹੁਰਮਤੀ ਕੀਤੀ ਗਈ। ਮਸੀਤਾਂ ਦੇ ਅਸਤਬਲ ਬਣਾ ਬਣਾ, ਉਸ ਵਿਚ ਘੋੜੇ ਬੰਨ੍ਹਣੇ ਸ਼ੁਰੂ ਕਰ ਦਿਤੇ। ਮੁਸਲਮਾਨਾਂ ਨੂੰ ਤੇ ਦੁਰਾਨੀਆਂ ਨੂੰ ਨਫ਼ਰਤ ਵਜੋਂ "ਮੁਸਲਾ" ਜਾਂ "ਮਲੇਛ" ਕਹਿ ਕੇ

---

†ਮਸਕੀਨ-ਤਹਿਮਾਸ ਨਾਮਾ-੨੪੬-੪੭; ਅਹਿਮਦ ਸ਼ਾਹ ਬਟਾਲੀਆ "ਤਾਰੀਖੇ ਪੰਜਾਬ" ੮੮੭-੮੮ ਅਤੇ ੮੯੩

ਸੋਹਨ ਲਾਲ "ਉਮਾਦੁਤ ਤਵਾਰੀਖ" ਪਹਿਲੇ ਭਾਗ ਦਾ ਜ਼ਮੀਮਾ (appendex). ੧੯.

ਡਾ: ਹਰੀ ਰਾਮ ਗੁਪਤਾ, ਹਿਸਟ੍ਰੀ ਆਫ਼ ਦੀ ਸਿਖਜ਼, ਸਫ਼ਾ ੧੮੮-੮੯.

* ਡਾ: ਹਰੀ ਰਾਮ ਗੁਪਤਾ-ਹਿਸਟ੍ਰੀ ਆਫ ਦੀ ਸਿਖਜ਼-੧੮੯.



www.AKJ.Org

ਸੰਬੋਧਨ ਕਰਿਆ ਕਰਦੇ ਸਨ ।‡

ਅਹਿਮਦ ਸ਼ਾਹ ਦੁਰਾਨੀ ਤੇ ਦੁਰਾਨੀ ਫੌਜਾਂ ਤੇ ਦੇਸੀ ਅਨੁਸਾਰੀਆਂ ਦੀ ਹੋਰ ਜ਼ਿਆਦਾ ਨੱਕ-ਵਢਣੀ ਕਰਨ ਲਈ ਪਿੰਡਾਂ ਵਿਚ ਬਾਂਗ ਦੇਣੋਂ ਬੰਦ ਕਰਾ ਦਿਤਾ । ਮੌਲਵੀ ਮੁਲਾਣੇ, ਜੋ ਸਾਰੇ ਮੁਕਾਲੇ ਦੀ ਜੜ ਸਨ, ਸਿੰਘਾਂ ਨੇ ਕੁਝ ਤਾਂ ਸੋਧ ਦਿਤੇ, ਜੋ ਬਚ ਗਏ ਵਡੇ ਵਡੇ ਸ਼ਹਿਰੀਂ ਆਣ ਵੜੇ । ਅੰਮ੍ਰਿਤਸਰ, ਫ਼ਤਿਆਂਬਾਦ, ਗੋਇੰਦਵਾਲ ਸਾਹਿਬ ਲਾਗੇ, ਭਰੋ ਵਾਲ, ਚਮਿਆਰੀ, ਬਟਾਲਾ ਖਾਸ ਕਰਕੇ, ਜਲੰਧਰ, ਨੂਰ ਮਹਿਲ, ਰਾਹੋਂ ਆਦਿ ਵਡੇ ਵਡੇ ਕਸਬਿਆਂ ਵਿਚ ਮੁਲਾਣਿਆਂ ਤੋਂ ਮਸੀਤਾਂ ਵਿਚ ਹੀ ਸੂਰ ਵਢਾਏ ਤੇ ਫਰਸ਼ਾਂ ਨੂੰ ਲਹੂ ਤੇ ਗੰਦਗੀ ਨਾਲ ਚੰਗੂ ਗੜੁਚ ਕੀਤਾ । ਏਸ ਲਹੂ ਨਾਲ ਚੁਲੀਆਂ ਤੇ ਵਜੂ ਕਰਾਏ । ਇਹ ਕਹਿਰ ਅੰਮ੍ਰਿਤਸਰ ਦੇ ਮੁਲਾਣਿਆਂ ਤੇ ਖਾਸ ਤੋਰ ਤੇ ਟੁਟਾ, ਕਿਉਂਕਿ ਇਹੀ ਤੁਅਸਬ ਵਿਚ ਅੰਨ੍ਹੇ ਲੋਕ ਸਨ ਜਿਨ੍ਹਾਂ ਅਹਿਮਦ ਸ਼ਾਹ ਨੂੰ ਭੜਕਾ ਕੇ ਹਰੀਮੰਦਰ ਨੂੰ ਢੁਹਾਇਆ ਸੀ ਤੇ ਸਰੋਵਰ ਵਿਚ ਗਊਆਂ ਵਢਵਾ ਕੇ ਸੁਟਵਾਈਆਂ ਸਨ। ਖਾਲਸੇ ਨੇ ਇਸ ਕੰਮ ਵਿਚ ਪਹਿਲ ਨਹੀਂ ਸੀ ਕੀਤੀ, ਇਹ ਐਸੇ ਦਾ ਜਵਾਬ ਤੈਸਾ ਸੀ।

ਪਿੰਡਾਂ ਵਿਚ ਜ਼ਿਨ੍ਹਾਂ ਨੇ ਸਿੰਘਾਂ ਨਾਲ ਵਧੀਕੀਆਂ ਕੀਤੀਆਂ ਸਨ ਤੇ ਦੁਰਾਨੀਆਂ ਦਾ ਸਾਥ ਦਿਤਾ ਸੀ, ਚੁਣ ਚੁਣ ਕੇ ਬਾਲ ਬੱਚੇ ਸਮੇਤ, ਜਿਵੇਂ ਕਿ ਉਨ੍ਹਾਂ ਕੀਤਾ ਸੀ, ਓਸੇ ਛਾਬੇ ਮਿਣ ਮਿਣ ਕੇ ਕਰਨੀ ਦਾ ਫਲ ਭੁਗਤਾਇਆ। ਚੁਗਲਾਂ ਦੀ ਬੁਰੀ ਸ਼ਾਮਤ ਆਈ ਸੀ। ਜਲੰਧਰ ਦੁਆਬ ਦੇ ਸਾਰੇ ਇਲਾਕੇ ਵਿਚ ਖਾਲਸੇ ਦਾ ਮੌਤ ਵਰਗਾ ਖੌਫ ਤਾਰੀ ਸੀ।

ਇਸ ਤਰ੍ਹਾਂ ਹੈਂਕੜ ਬਾਜ਼ਾ, ਸੀਨੇ ਜ਼ੋਰਾਂ ਤੇ ਜਰਵਾਣਿਆਂ ਦੀ ਸੋਧ-ਸੁਧਾਈ ਕਰਦੇ ਹੋਏ ਸਿੰਘ ਕੋਟ ਕਛੂਏ, ਪਰਗਣੇ ਅੰਬਾਲੇ ਵਿਚ ਜਾ ਗੱਜੇ।

ਨਵਾਬ ਫ਼ਤਹ ਮੁਹੰਮਦ ਖਾਂ ਤੇ ਮੁਹੰਮਦ ਸ਼ਾਹ ਦੀ ਤਾਂ ਬੋਟੀ ਬੋਟੀ ਕਰ ਕੇ ਕਾਂਵਾਂ ਕੁਤਿਆਂ ਤੇ ਚੀਲਾਂ ਨੂੰ ਵੰਡ ਦਿਤੀ। ਉਹਨਾਂ ਦੇ ਹਮਾਇਤੀ ਤੇ ਸਾਥੀ ਫੜ ਕੇ ਤੇਗ ਦੇ ਘਾਟ ਉਤਾਰੇ ਤੇ ਅੱਗ ਵਿਚ ਫੂਕੇ। ਕੋਟ ਕਛੂਏ ਦਾ ਸ਼ਹਿਰ ਤੇ ਇਲਾਕਾ ਸਾੜ ਫੂਕ ਕੇ ਸਵਾਹ ਕਰ ਛਡਿਆ*।

ਪਾਠਕਾਂ ਦੇ ਗਿਆਨ ਤੇ ਦਿਲਚਸਪੀ ਲਈ ਏਥੇ ਵਰਨਣ ਕਰ ਦੇਣਾ ਬੜਾ ਯੋਗ ਹੋਵੇਗਾ ਕਿ ਇਹਨਾਂ ਕੋਟ ਕਛੂਏ ਵਾਲਿਆਂ ਦੇ ਵੱਡੇ ਨਵਾਬ ਸਾਦਿਕ ਸਾਹ ਨੂੰ ਬਾਬਾ ਬੰਦਾ ਸਿੰਘ ਜੀ ਨੇ ਉਸਦੇ ਜਬਰੋ ਸਿਤਮ ਦਾ ਫਲ ਸੰ: ੧੭੭੨ ਬਿਕਰਮੀ ਵਿਚ ਇਸ ਤਰ੍ਹਾਂ ਭੁਗਤਾਇਆ ਸੀ ਕਿ ਉਸ ਨੂੰ ਉਸ ਦੇ ਸਾਰੇ ਸਾਥੀਆਂ ਸਮੇਤ ਫੜ ਕੇ ਖਲਕਤ ਦੇ ਸਾਮ੍ਹਣੇ ਸ਼ਹਿਰੋਂ ਬਾਹਰ ਮੈਦਾਨ ਵਿਚ ਕਢ ਲਿਆ ਸੀ। ਇਹਨਾਂ ਸਾਰਿਆਂ ਉਦਾਲੇ ਫੂਸ ਲਪੇਟ ਦਿਤਾ ਤੇ ਰਸੀਆਂ ਨਾਲ ਬੰਨ੍ਹ ਦਿਤਾ। ਉਤੋਂ ਤੇਲ ਨਾਲ ਚੰਗਾ ਤਰ ਕਰ ਦਿਤਾ ਤੇ ਅੱਗ ਲਾ ਦਿਤੀ। ਉਹ ਬੜੇ ਨੱਚੇ ਟੱਪੇ, ਪਰ ਅੰਤ ਨੂੰ ਅੱਗ ਨੇ ਲੂਹ ਕੇ ਕਬਾਬ ਬਣਾ ਸੁਟਿਆ ਸੀ। ਇਹ ਭੁਜੀਆਂ ਹੋਈਆਂ ਲਾਸ਼ਾਂ ਕਾਵਾਂ ਕੁਤਿਆਂ ਤੇ ਚੀਲਾਂ, ਗਿਧਾਂ ਦੇ ਨੋਚਣ ਨੂੰ ਛੱਡ ਦਿਤੀਆਂ ਸਨ। ਅੱਜ ਵੀ ਜਦ ਇਸ ਕਾਂਡ ਦਾ ਜ਼ਿਕਰ ਚਲਦਾ ਹੈ ਤਾਂ ਸੁਣਨ ਤੇ ਸੁਣਾਉਣ ਵਾਲਿਆਂ ਦੋਹਾਂ ਦਾ ਡਰ ਨਾਲ ਤ੍ਰਾਹ ਨਿਕਲ ਜਾਂਦਾ ਹੈ।

## ਖਾਲਸਾ ਜੀ ਨੇ ਕਦੀ ਪਹਿਲ ਨਹੀਂ ਕੀਤੀ–

ਇਹ ਮੰਨਣਾ ਪਵੇਗਾ ਕਿ ਖਾਲਸਾ ਜੀ ਨੇ ਕਦੇ ਵੀ, ਕਿਸੇ ਵੀ ਸਮੇਂ, ਕਿਸੇ ਤੇ ਪਹਿਲ ਨਹੀਂ ਕੀਤੀ। ਜਿਥੇ ਕਿਸੇ ਨੇ ਵਧੀਕੀ ਕੀਤੀ, ਉਨ੍ਹਾਂ ਦੀ ਅਣਖ ਨੂੰ ਵੰਗਾਰਿਆ ਅਤੇ ਜ਼ੁਲਮ ਦਾ ਰਾਹ ਫੜਿਆ, ਧਰਮ ਅਸਥਾਨਾਂ ਦੀ ਬੇਅਦਬੀ ਕੀਤੀ ਤਾਂ ਉਥੇ ਉਹਨੂੰ ਸੁੱਕਾ ਨਹੀਂ ਜਾਣ ਦਿਤਾ। ਉਸ ਨੂੰ ਜ਼ਰੂਰ ਕੀਤਾ

‡ ਗਨੇਸ਼ ਦਾਸ–ਰਸਾਲਾ ਏ ਸਾਹਿਬ ਨੁਮਾ ਜਾਂ ਚਾਰ ਬਾਗ ਪੰਜਾਬ-੨੦੧-੨,

† ਗਿਆਨੀ ਗਿਆਨ ਸਿੰਘ ਜੀ-ਸ਼ਮਸ਼ੇਰ ਖਾਲਸਾ ਨੰਬਰ ੨ (ਭਾਸ਼ਾ ਵਿਭਾਗ, ਸਫਾ ੨੦੬)



www.AKJ.Org

ਦਾ ਸੁਆਦ ਚਖਾਇਆ । ਖਾਲਸਾ ਹਰ ਧਰਮ ਤੇ ਧਰਮ-ਅਸਥਾਨਾਂ ਦਾ ਸਤਿਕਾਰ ਕਰਦਾ ਹੈ। ਇਹੋ ਹੀ ਖਾਲਸੇ ਦੀ ਵਿਲੱਖਣਤਾ ਹੈ । ਆਪਣੇ ਧਰਮ-ਅਸਥਾਨਾਂ ਦੀ ਬੇਅਦਬੀ ਉਹ ਕਦੀ ਨਹੀਂ ਸਹਾਰ ਸਕਦਾ।

ਮਸੀਤਾਂ ਮਕਬਰਿਆਂ ਤੇ ਦਰਗਾਹਾਂ ਨਾਲ ਜੋ ਵਾਪਰੀ, ਇਹ ਉਸ ਵੇਲੇ ਦੇ ਤੁਅੱਸਬੀ ਹਾਕਮਾਂ ਤੇ ਮੌਲਵੀ ਮੁਲਾਣਿਆਂ ਦੀ ਕਰਤੂਤ ਦਾ ਸਿੱਟਾ ਹੈ। ਇਹਦੀ ਸਾਰੀ ਜ਼ਿਮੇਵਾਰੀ ਇਹਨਾਂ ਤੇ ਹੈ । ਇਹਨਾਂ ਨੂੰ ਇਹ ਅਹਿਸਾਸ ਕਰਾਉਣ ਵਜੋਂ ਹੀ ਕੀਤਾ ਗਿਆ ਸੀ ਕਿ ਦੂਜਿਆਂ ਦੇ ਧਰਮ ਜਾਂ ਧਰਮ-ਅਸਥਾਨਾਂ ਦੀ ਨਿਰਾਦਰੀ ਕਰਨ ਦਾ ਇਹ ਸਿੱਟਾ ਨਿਕਲੂ ਤੇ ਐਨੀ ਕੁ ਪੀੜ ਹੋਊਗੀ। ਭੁਜਦਿਆਂ ਨੂੰ ਵਾਹਣ ਇਕੋ ਜਿਹੇ ਹਨ।

ਕਰਨਾਲੋਂ ਲਾਹੌਰ ਤਾਈਂ ਸਿੰਘਾਂ ਦਾ ਪੂਰਾ ਜ਼ੋਰ ਸੀ। ਏਨੇ ਇਲਾਕੇ ਵਿਚ ਕਿਤੇ ਇਕ ਥਾਂ ਵੀ, ਬਾਬਾ ਬੰਦਾ ਸਿੰਘ ਜੀ ਤੇ ਸ: ਬਾਜ਼ ਸਿੰਘ ਜੀ ਦੇ ਸਮੇਂ ਵਾਂਗ, ਬਾਂਗ ਦੀ ਆਵਾਜ਼ ਨਹੀਂ ਸੀ ਸੁਣੀ ਜਾਂਦੀ। ਮੁਲਾਣੇ ਤੇ ਕੱਟੜ ਮੁਸਲਮਾਨ ਪੰਜਾਬ ਛਡ ਛਡ ਦੂਜਿਆਂ ਰਾਜਾਂ ਵਿਚ ਜਾ ਵੱਸੇ ਸਨ। ਇਹ ਉਹ ਲੋਕ ਸਨ ਜੋ ਅਜ ਤਕ ਮਨ-ਮਾਨੀਆਂ ਕਰਦੇ ਰਹੇ ਸਨ, ਕਿਤੇ ਰੱਬ ਦਾ ਖੌਫ਼ ਨਹੀਂ ਸੀ ਕੀਤਾ, ਰੱਬ ਹੀ ਭੁਲਾਇਆ ਹੋਇਆ ਸੀ । ਜਦ ਸਮਾਂ ਆਇਆ ਤੇ ਇਨ੍ਹਾਂ ਨਾਲ ਉਹੋ ਬਾਬ ਹੋਣ ਲਗੀ ਤਾਂ ਦਿਨੇ ਤਾਰੇ ਨਜ਼ਰ ਆਉਣ ਲਗੇ । ਉਹਨਾਂ ਭਾਣੇ ਤਾਂ ਕਿਆਮਤ ਆ ਗਈ । ਇਸ ਤਰ੍ਹਾਂ ਦੜ ਵੱਟ ਲਈ ਕਿ ਮਾਨੋ ਪੰਜਾਬ ਵਿਚ ਕੋਈ ਮੁਸਲਮਾਨ ਰਹਿ ਹੀ ਨਾ ਗਿਆ ਹੋਵੇ। ਹੁਣ ਬਿਲਕੁਲ ਰੱਬ ਯਾਦ ਤਾਂ ਕੀ, ਸਾਮ੍ਹਣੇ ਨਜ਼ਰ ਆ ਗਿਆ ਸੀ।

(ਚਲਦਾ)

----

## ਸਿੰਘ ਸਜੇ ਸੁਹਣਾ ਜੇਕਰ ਦਾੜ੍ਹਾ ਪ੍ਰਕਾਸ਼ ਹੋਵੇ

[ਵਲੋਂ—ਸ: ਗੁਰਮੀਤ ਸਿੰਘ ਜੀ S.D.O., ਹਰੀਪੁਰ ਗੁਲੇਰ, ਕਾਂਗੜਾ]

ਗੁਰੂ ਨਾਨਕ ਦੇਵ ਤੋਂ ਗੋਬਿੰਦ ਸਿੰਘ ਗੁਰੂ ਦਸੋਂ, ਮਾਨਸ ਤੇ ਰੂਪ ਰੱਬ ਮਾਤਲੋਕ ਆਇਆ ਸੀ।
ਬਣ ਕੇ ਮਨੁਖ ਉਨ੍ਹੇ ਇਨ੍ਹਾਂ ਦਸ ਜਾਮਿਆਂ 'ਚ, ਮਾਨਵਤਾ-ਆਦਰਸ਼ ਵਾਲਾ ਸਬਕ ਸਿਖਾਇਆ ਸੀ।
ਕੱਢ ਕੇ ਕੁਚੈਲਾਂ-ਮੈਲਾਂ ਖਾਲਸ ਕਰਨ ਹਿਤ, ਅੰਮ੍ਰਿਤ ਦੀ ਦਾਤ ਦੇ ਕੇ ਖਾਲਸਾ ਸਜਾਇਆ ਸੀ।
ਸਿਰ ਦਸਤਾਰ ਸੁਹਣੀ ਬਖਸ਼ੀ ਸੀ ਖਾਲਸੇ ਨੂੰ, ਸਾਬਤ ਸੂਰਤ ਰਹਿਣਾ ਹੁਕਮ ਅਲਾਇਆ ਸੀ।
ਇਨ੍ਹਾਂ ਦਸ ਜਾਮਿਆਂ ਦੇ ਰਹੇ ਪ੍ਰਕਾਸ਼ ਦਾੜ੍ਹੇ, ਇਸੇ ਹੀ ਸਰੂਪ ਦਾ ਇਹ ਖਾਲਸਾ ਸਜਾਇਆ ਸੀ।
ਤਵਾਰੀਖੀ ਵੇਰਵਾ ਹੈ ਜਾਣਦਾ ਇਹ ਜਗ ਸਾਰਾ, ਝੂਠ ਨਹੀਂ ਰਾਈ ਤੁਹਾਨੂੰ ਪੂਰਾ ਵਿਸ਼ਵਾਸ ਹੋਵੇ।
ਤਾਹੀਓਂ ਗੁਰਮੀਤ ਪਿਆ ਆਖਦਾ ਏ ਬਾਰ ਬਾਰ, ਸਿੰਘ ਸਜੇ ਸੁਹਣਾ ਜੇਕਰ ਦਾੜ੍ਹਾ ਪ੍ਰਕਾਸ਼ ਹੋਵੇ।
ਪੰਜ ਸੀ ਪਿਆਰੇ ਜਿਹੜੇ ਸਾਜੇ ਗੁਰਾਂ ਪਹਿਲੋਂ ਪਹਿਲ, ਸਭਨਾਂ ਦੇ ਦਾੜ੍ਹੇ ਸੁਹਣੇ ਪੂਰੇ ਪ੍ਰਕਾਸ਼ ਸਨ।
ਉਨ੍ਹਾਂ ਬਾਅਦ ਮੁਕਤੇ ਸ਼ਹੀਦ ਸਿੰਘ ਹੋਏ ਲੱਖਾਂ, ਖੁਲ੍ਹੇ ਦਾੜ੍ਹੇ ਤਿਨ੍ਹਾਂ ਦੇ ਜੋ ਬੰਦ ਤੋਂ ਖਲਾਸ ਸਨ।
ਦੀਪ ਸਿੰਘ, ਨਲੂਆ, ਰਣਜੀਤ ਸਿੰਘ ਮਹਾਰਾਜੇ, ਮਨੀ ਸਿੰਘ ਤਾਰੂ ਸਿੰਘ ਜਿਹੇ ਮਤੀ ਦਾਸ ਸਨ।
ਜੱਸਾ ਸਿੰਘ, ਰਾਮ ਸਿੰਘ ਸੂਰਮੇ ਅਨੇਕਾਂ ਹੋਏ, ਮਹਾਂ ਸਿੰਘ, ਮੁਕਤਿਆਂ ਦੇ ਬੈਠੇ ਗੁਰੂ ਪਾਸ ਸਨ।
ਭਾਈ ਰਣਧੀਰ ਸਿੰਘ, ਅਤਰ ਸਿੰਘ, ਕਰਮ ਸਿੰਘ, ਆਇਆ ਸਿੰਘ ਨੰਦ ਸਿੰਘ ਸਭੇ ਸਿੰਘ ਖ਼ਾਸ ਸਨ।
ਫ਼ੌਜਾ ਸਿੰਘ, ਧਰਮਬੀਰ, ਹਰੀ ਪਿਆਰਾ ਅਮਰੀਕ, ਕੇਵਲ, ਅਵਤਾਰ, ਜੇੜ੍ਹੇ ਸੁਧਾਸਰ ਪਾਸ ਸਨ।
ਭਾਈ ਰਘਬੀਰ, ਹਰਿਭਜਨ, ਰਣਬੀਰ ਸਿੰਘ, ਦਰਸ਼ਨ, ਗੁਰਦਿਆਲ, ਗੁਰਚਰਨ ਸ਼ਾਬਾਸ਼ ਸਨ।
ਦੂਲੇ ਵੀਰਾਂ ਹੁਣੇ ਹੈ ਵਸਾਖੀ ਖੇਡੀ ਕੌਮ ਲਈ, ਦੇਖੋ ਸਭੇ ਸੂਰਿਆਂ ਦੇ ਦਾੜ੍ਹੇ ਪ੍ਰਕਾਸ਼ ਸਨ।
ਪੁੰਨਿਆਂ ਦਾ ਚੰਦ ਪੂਰਾ—ਪੈਲ ਪਾਈ ਮੋਰ ਲੱਗੇ, ਸ਼ੇਰ ਦਾ ਸਰੂਪ ਤੇਜ ਸੂਰਜ ਪ੍ਰਕਾਸ਼ ਹੋਵੇ।
ਗੁਰਸਿੱਖ ਸੱਜਣਾਂ ਨੂੰ ਧਾਰਨੀ ਇਹ ਦਿਲ ਲੋੜੇ, ਸਿੰਘ ਸਜੇ ਸੁਹਣਾ ਜੇਕਰ ਦਾੜ੍ਹਾ ਪ੍ਰਕਾਸ਼ ਹੋਵੇ।



www.AKJ.Org

# ਕਾਨਪੁਰ ਖ਼ੂਨੀ ਕਾਂਡ ਪੁਲਸ ਜ਼ਿਮੇਵਾਰ—ਹੁਕਮ ਸਿੰਘ ਕਮੇਟੀ ਦੀ ਰੀਪੋਰਟ

## ਕਾਨਪੁਰ ਵਿਚ ਨਿਰੰਕਾਰੀਆਂ ਨੇ ਪਹਿਲਾਂ ਹੀ ਤਿਆਰੀ ਕਰ ਰਖੀ ਸੀ ਤੇ ਪੁਲਸ ਵੀ ਭਵਨ ਦੇ ਬਾਹਰ ਇਸੇ ਲਈ ਬਿਠਾਈ ਗਈ ਕਿ ਗੁਰਬਚਨ ਸਿੰਘ ਦੀ ਰਖਿਆ ਕਰ ਸਕੇ ਉਨ੍ਹਾਂ ਪਾਸ ਰਾਈਫਲਾਂ ਸਨ, ਟੀਅਰ ਗੈਸ ਜਾਂ ਲਾਠੀਆਂ ਨਹੀਂ ਸਨ।

## *ਪੁਲਸ ਨਿਰਪਖ ਹੁੰਦੀ ਤਾਂ ਖ਼ੂਨੀ ਕਾਂਡ ਟਲ ਸਕਦਾ ਸੀ--ਪੁਲਸ ਵਲੋਂ ਸਿਖਾਂ ਨੂੰ ਖਿੰਡਾਣ ਲਈ ਨਹੀਂ ਸਗੋਂ ਉਨਾਂ ਨੂੰ ਮਾਰਨ ਲਈ ਅੰਨ੍ਹੇਵਾਹ ਗੋਲੀ ਰਲਾਈ ਗਈ*

### ਸਿੰਘ ਨਿਹੱਥੇ ਸਨ ਤੇ ਉਹ ਕੇਵਲ ਰੋਸ ਕਰਨ ਲਈ ਗਏ ਸਨ

ਨਵੀਂ ਦਿਲੀ, ੧੮ ਅਕਤੂਬਰ – ਪੀ. ਟੀ. ਆਈ.) ਦਿਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ੨੯ ਸਤੰਬਰ ਨੂੰ ਵਾਪਰੇ ਕਾਨਪੁਰ ਦੇ ਖੂਨੀ ਸਾਕੇ ਦੀ ਜਾਂਚ ਕਰਨ ਲਈ ਕਾਇਮ ਕੀਤੀ ਗਈ ਤਿੰਨ-ਮੈਂਬਰੀ ਕਮੇਟੀ ਨੇ ਕਿਹਾ ਹੈ ਕਿ ਜੇਕਰ ਪੁਲਸ ਚਾਹੁੰਦੀ ਤਾਂ ਉਸ ਦਿਨ ਦਾ ਦੁਖਾਂਤ ਟਲ ਸਕਦਾ ਸੀ।

ਲੋਕ ਸਭਾ ਦੇ ਸਾਬਕ ਸਪੀਕਰ ਸ: ਹੁਕਮ ਸਿੰਘ ਜੀ ਦੀ ਅਗਵਾਈ ਵਿਚ ਕਮੇਟੀ ਨੇ ਕਾਨਪੁਰ ਜਾ ਕੇ ਪੜਤਾਲ ਕਰਨ ਪਿਛੋਂ ਜਿਹੜੀ ਰਿਪੋਰਟ ਦਿਤੀ ਹੈ, ਉਸ ਵਿਚ ਕਿਹਾ ਗਿਆ ਹੈ ਕਿ ਅਧਿਕਾਰੀਆਂ ਨੇ ਜਾਣ ਬੁਝ ਕੇ ਸਿਖਾਂ ਨੂੰ ਬਿਨਾਂ ਕਿਸੇ ਰੋਕ ਟੋਕ ਨਿਰੰਕਾਰੀ ਭਵਨ ਜਾਣ ਦਿਤਾ ਅਤੇ ਸਥਿਤੀ ਦੇ ਬਿਲਕੁਲ ਵਿਗੜ ਜਾਣ ਤਕ ਉਕਾ ਕੋਈ ਦਖ਼ਲ ਨਾ ਦਿਤਾ। ਕਾਨਪੁਰ ਸਾਕੇ 'ਚ ਨਿਰੰਕਾਰੀਆਂ ਦੇ ਹਮਲੇ ਅਤੇ ਪੁਲਸ ਫ਼ਾਇਰਿੰਗ ਵਿਚ ਕੁਲ ੧੩ ਵਿਅਕਤੀ ਮਾਰੇ ਗਏ ਸਨ। ਅਜ ਇਥੇ ਇਕ ਪ੍ਰੈਸ ਕਾਨਫਰੰਸ ਵਿਚ ਰਿਪੋਰਟ ਰਲੀਜ਼ ਕਰਦਿਆਂ ਸ: ਹੁਕਮ ਸਿੰਘ ਜੀ ਨੇ ਦੋਸ਼ ਲਾਇਆ ਕਿ ਬਿਨਾਂ ਕੋਈ ਵਾਰਨਿੰਗ ਦਿਤੇ ਜਾਂ ਇਕੱਠ ਨੂੰ ਗੈਰ-ਕਾਨੂੰਨੀ ਕਰਾਰ ਦਿਤੇ ਗੋਲੀਆ ਚਲਾਈਆਂ ਗਈਆਂ। ਇਹ ਰਿਪੋਰਟ ਜਿਹੜੀ ਕਿ ਦਿਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਪੇਸ਼ ਕੀਤੀ ਗਈ ਹੈ, ੨੧ ਅਕਤੂਬਰ ਨੂੰ ਇਕ ਯਾਦ-ਪੱਤਰ ਸਹਿਤ ਪ੍ਰਧਾਨ ਮੰਤਰੀ ਨੂੰ ਦਿਤੀ ਜਾਏਗੀ।

ਕਮੇਟੀ ਨੇ ਪਤਰਕਾਰਾਂ ਨੂੰ ਦਸਿਆ ਕਿ ਨਿਰੰਕਾਰੀ ਭਵਨ ਦੇ ਬਾਹਰ ਪੁਲਸ ਤਈਨਾਤ ਕਰਨ ਦਾ ਉਦੇਸ਼ ਕੇਵਲ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੂੰ ਸੁਰੱਖਿਆ ਦੇਣਾ ਸੀ ਅਤੇ ਪੁਲਸ ਵਲੋਂ ਫ਼ਾਇਰਿੰਗ ਵਿਖਾਵਾ-ਕਾਰਾਂ ਨੂੰ ਖਿੰਡਾਉਣ ਲਈ ਨਹੀਂ ਸਗੋਂ ਉਨ੍ਹਾਂ ਨੂੰ ਮਾਰਨ ਲਈ ਕੀਤੀ ਗਈ। ਕਮੇਟੀ, ਜਿਸ ਨੇ ਕਿ ੨੯ ਸਤੰਬਰ ਦ ਸਾਕੇ ਦੀ ਜਾਂਚ ਕੀਤੀ ਹੈ, ਦਸਿਆ ਕਿ ਉਸ ਨੇ ਪੁਲਸ ਅਫ਼ਸਰਾਂ ਸਮੇਤ ਬਹੁਤ ਸਾਰੇ ਲੋਕਾਂ ਨਾਲ ਮਿਲ ਕੇ ਪੁਛ ਪੜਤਾਲ ਕੀਤੀ ਅਤੇ ਉਹ ਇਸ ਸਿੱਟੇ ਤੇ ਪੁਜੀ ਹੈ ਕਿ ਸਥਿਤੀ ਇਸ ਹਦ ਤਕ ਬਿਨਾ ਰੋਕ ਵਿਗੜਨ ਦਿਤੀ ਗਈ ਕਿ ਸਿਖ ਜਲੂਸ ਦੀ ਸ਼ਕਲ ਵਿਚ ਨਿਰੰਕਾਰੀ ਭਵਨ ਵਿਚ ਪਹੁੰਚ ਗਏ ਤੇ ਉਥੇ ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਫਸਾ ਕੇ ਉਹਨਾਂ ਤੇ ਅੰਧਾ ਧੁੰਦ ਗੋਲੀ ਚਲਾਈ ਗਈ।

ਦਿਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਜਸਵੰਤ ਸਿਘ ਸੇਠੀ, ਜਿਹੜੇ ਪ੍ਰੈਸ ਕਾਨਫਰੰਸ ਵਿਚ ਹਾਜ਼ਰ ਸਨ, ਨੇ ਦਸਿਆ ਕਿ ਕਮੇਟੀ ਦੀਆਂ ਸਿਫ਼ਾਰਸ਼ਾਂ ਉਤਰ ਪ੍ਰਦੇਸ਼ ਦੇ ਗਵਰਨਰ ਅਤੇ ਮੁਖ-ਮੰਤਰੀ ਨੂੰ ਵੀ ਭੇਜੀਆਂ ਜਾਣਗੀਆਂ।



www.AKJ.Org

ਸ: ਹੁਕਮ ਸਿੰਘ ਨੇ ਕਿਹਾ ਕਿ ਨਿਰੰਕਾਰੀ ਭਵਨ ਵਿਚ ਪਹਿਲਾਂ ਹੀ ਤਿਆਰੀ ਕੀਤੀ ਹੋਈ ਸੀ ਅਤੇ ਛੱਤਾਂ ਤੇ ਭਾਰੀ ਮਾਤਰਾ ਵਿਚ ਪੱਥਰ ਤੇ ਇੱਟਾਂ ਦੇ ਰੋੜੇ ਇਕੱਠੇ ਕੀਤੇ ਗਏ ਸਨ । ਇਨ੍ਹਾਂ ਨਾਲ ਵਿਖਾਵਾ ਕਰ ਰਹੇ ਨਿਹੱਥੇ ਸਿੰਘਾਂ ਤੇ ਹਮਲਾ ਕੀਤਾ ਗਿਆ, ਜਦ ਕਿ ਉਹ ਸ਼ਾਂਤਮਈ ਸਨ ਅਤੇ ਸ਼ਬਦਾਂ ਦਾ ਗਾਇਨ ਕਰ ਰਹੇ ਸਨ । ਇਹ ਵਿਖਾਵਾਕਾਰ ਸਿਖ ਗੁਰੂਆਂ ਪ੍ਰਤੀ ਅਪਸ਼ਬਦਾ ਦੀ ਵਰਤੋਂ ਵਿਰੁਧ ਰੋਸ ਪ੍ਰਗਟ ਕਰਨ ਲਈ ਅੰਦਰ ਵਫ਼ਦ ਭੇਜਣਾ ਚਾਹੁੰਦੇ ਸਨ ।

ਰਿਪੋਰਟ ਵਿਚ ਦਸਿਆ ਗਿਆ ਹੈ ਕਿ ਨਿਰੰਕਾਰੀ ਭਵਨ ਦੇ ਇਕ ਨੂੰ ਛਡ ਕੇ, ਬਾਕੀ ਸਾਰੇ ਗੇਟ ਅੰਦਰੋਂ ਬੰਦ ਕੀਤੇ ਹੋਏ ਸਨ । ਜਦ ਨਿਰੰਕਾ-ਰੀਆਂ ਨੇ ਪਥਰਾਓ ਸ਼ੁਰੂ ਕਰ ਦਿਤਾ ਤਾਂ ਸਿੰਘਾਂ ਨੂੰ ਇਧਰ ਉਧਰ ਭਜਣਾ ਪਿਆ ਅਤੇ ਕੁਝ ਭਵਨ ਦੇ ਅੰਦਰ ਵੜ ਗਏ । ਇਹਨਾਂ ਲੋਕਾਂ ਨੂੰ ਰੋਕਿਆ ਨਾ ਗਿਆ ਅਤੇ ਨਾ ਹੀ ਇਕੱਠ ਨੂੰ ਗੈਰ-ਕਾਨੂੰਨੀ ਕਰਾਰ ਦਿਤਾ ਗਿਆ । ਪਿਛੋਂ ਖੁਲ੍ਹਾ ਗੇਟ ਵੀ ਬੰਦ ਕਰ ਲਿਆ ਗਿਆ, ਜਿਸ ਤੇ ਕੁਝ ਸਿੰਘ ਫਸ ਗਏ ।

ਕੁਝ ਪਤਰਕਾਰਾਂ ਵਲੋਂ ਪੁਛੇ ਗਏ ਇਕ ਪ੍ਰਸ਼ਨ ਦੇ ਉਤਰ ਵਿਚ ਸ: ਹੁਕਮ ਸਿੰਘ ਨੇ ਕਿਹਾ ਕਿ ਘਿਰ ਗਏ ਕੁਝ ਸਿੰਘਾਂ ਨੂੰ ਆਪਣੇ ਆਪ ਨੂੰ ਛੁਡਾ-ਉਣ ਲਈ ਆਖ਼ਰਕਾਰ ਲੜਨਾ ਪਿਆ । ਉਨ੍ਹਾਂ ਕਿਹਾ ਕਿ ਇਕ ਬਿਲੀ ਨੂੰ ਵੀ ਜੇਕਰ ਘੇਰ ਲਿਆ ਜਾਏ ਤਾਂ ਉਹ ਵੀ ਜਵਾਬੀ ਹਮਲਾ ਕਰਦੀ ਹੈ ।

ਕਮੇਟੀ ਦੇ ਦੋ ਦੂਜੇ ਮੈਂਬਰ ਸ: ਮਿਹਰ ਸਿੰਘ ਚਢਾ ਅਤੇ ਸ: ਹਜ਼ਾਰਾ ਸਿੰਘ ਕੰਡੋਲਾ ਸਨ । ਯੂ. ਐਨ. ਆਈ. ਅਨੁਸਾਰ ਕਮੇਟੀ ਨੇ ਕਿਹਾ ਕਿ ਜਦ ਸਿੰਘਾਂ ਦਾ ਇਕ ਵਫ਼ਦ ਗੁਰਬਚਨ ਸਿੰਘ ਨੂੰ ਮਿਲਣ ਲਈ ਨਿਰੰਕਾਰੀ ਭਵਨ ਦੇ ਅੰਦਰ ਵੜਿਆ ਤਾਂ ਲਾਠੀਆਂ ਅਤੇ ਹੋਰ ਮਾਰੂ ਹਥਿਆਰਾਂ ਨਾਲ ਲੈਸ ਨਿਰੰਕਾਰੀ ਵਾਲੰਟੀਅਰਾਂ ਨੇ ਬਿਨਾਂ ਭੜਕਾ ਹਟ ਸਿੰਘਾਂ ਤੇ ਹਮਲਾ ਬੋਲ ਦਿਤਾ । ਸ: ਹੁਕਮ ਸਿੰਘ ਨੇ ਕਿਹਾ ਕਿ ਘਟਨਾ ਵਾਲੇ ਦਿਨ ੮ ਵਜੇ ਸਵੇਰੇ ਪੁਲਸ ਨੂੰ ਸੂਚਨਾ ਮਿਲੀ ਕਿ ਜਲੂਸ ਨਿਰੰਕਾਰੀ ਭਵਨ ਵਲ ਜਾ ਰਿਹਾ ਹੈ, ਪਰ ਉਥੇ ਨਾ ਕੋਈ ਮੈਜਿਸਟਰੇਟ ਸੀ, ਨਾ ਹੀ ਉਚ ਪੁਲਿਸ ਅਧਿਕਾਰੀ ਸੀ, ਜਿਹੜਾ ਸਥਿਤੀ ਦਾ ਜਾਇਜ਼ਾ ਲੈ ਕੇ ਉਸ ਨਾਲ ਨਿਪਟ ਸਕਦਾ । ਪੁਲਿਸ ਨੇ ਨਿਰੰਕਾਰੀਆਂ ਵਲੋਂ ਪਥਰਾਓ ਨੂੰ ਰੋਕਣ ਲਈ ਵੀ ਕੋਈ ਕਾਰਵਾਈ ਨਾ ਕੀਤੀ । ਉਥੇ ਕੇਵਲ ਇਕ ਪੁਲਿਸ ਇੰਸਪੈਕਟਰ ਸੀ, ਜਿਸ ਨੇ ਫ਼ਾਇ-ਰਿੰਗ ਕਰਨ ਬਾਰੇ ਫੈਸਲਾ ਕੀਤਾ । ਕਮੇਟੀ ਨੇ ਕਿਹਾ ਹੈ ਕਿ ਸਿਖਾਂ ਵਲੋਂ ਪੁਲਸ ਕੋਲ ਦਰਜ ਕਰਾਈ ਪ੍ਰਥਮ ਸੂਚਨਾ ਰਿਪੋਰਟ ਅਨੁਸਾਰ ਪਹਿਲੀ ਗੋਲੀ ਗੁਰਬਚਨ ਸਿੰਘ ਨੇ ਖੁਦ ਚਲਾਈ ਸੀ । ਫਟੜ ਵਿਅਕਤੀਆਂ ਦੀ ਦੇਖ ਭਾਲ ਨਾ ਕੀਤੀ ਗਈ ਅਤੇ ਨਾ ਹੀ ਉਹਨਾਂ ਨੂੰ ਡਾਕਟਰੀ ਸਹਾਇਤਾ ਦਿਤੀ ਗਈ । ਕਮੇਟੀ ਨੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਜਲੂਸ ਵਿਚ ਕੋਈ ਨਿਹੰਗ ਸੀ । ਕਮੇਟੀ ਨੇ ਸਰਕਾਰ ਨੂੰ ਕਿਹਾ ਕਿ ਉਹ ਉਹਨਾਂ ਲੋਕਾਂ ਦੇ ਪਰਵਾਰਾਂ ਦੇ ਮੈਂਬਰਾਂ ਨੂੰ ਰੁਜ਼ਗਾਰ ਦੇਵੇ ਜਿਹੜੇ ਇਸ ਸਾਕੇ ਵਿਚ ਮਾਰੇ ਗਏ ਸਨ ।

ਦਿਲੀ ਤੋਂ ਸਾਡੇ ਸਟਾਫ ਰਿਪੋਟਰ ਸੂਚਨਾ ਦੇਂਦੇ ਹਨ ਕਿ ਨਿਰੰਕਾਰੀ ਭਵਨ ਕੋਲ ਤਈਨਾਤ ਪੁਲਸ ਕੋਲ ਲਾਠੀਆਂ ਅਤੇ ਹੰਝੂ-ਗੈਸ ਦੇ ਗੋਲੇ ਨਹੀਂ ਸਨ । ਉਸ ਕੋਲ ਕੇਵਲ ੩੦੩ ਦੀਆਂ ਬੰਦੂਕਾਂ ਸਨ । ਕਮੇਟੀ ਨੇ ਕਿਹਾ ਕਿ ਜੇਕਰ ਸਿੰਘਾਂ ਦਾ ਇਰਾਦਾ ਹਮਲਾ ਕਰਨ ਦਾ ਹੁੰਦਾ ਤਾਂ ਉਹ ਇਸਤਰੀਆਂ ਅਤੇ ਬੱਚਿਆਂ ਨੂੰ ਨਾਲ ਲੈ ਕੇ ਨਾ ਜਾਂਦੇ ਅਤੇ ਖੁਦ ਹਥਿਆਰਾਂ ਨਾਲ ਲੈਸ ਹੁੰਦੇ ।

'ਅਜੀਤ' ਜਲੰਧਰ, ੧੯. ੧੦. ੭੮


## ਵੈਸਾਖੀ ਦਾ ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ

ਕਈ ਨਵੇਂ ਵਾਧਿਆਂ ਨਾਲ ਤੀਜੀ ਐਡੀਸ਼ਨ ਛਪ ਗਈ ਹੈ । ਮੈਟਰ ੧੪੦ ਸਫ਼ੇ, ਸ਼ਹੀਦੀ ਤਸਵੀਰਾਂ ੧੫ ਸਫ਼ੇ, ਭੇਟਾ ਕੇਵਲ ਡੇਢ ਰੁਪਿਆ, ਸਧਾਰਨ ਡਾਕ ਖ਼ਰਚ ਸਮੇਤ ਦੋ ਰੁਪਏ ।




www.AKJ.Org

# ਕਾਨਪੁਰ ਦੇ ਸ਼ਹੀਦਾਂ ਦੇ ਜੀਵਨ

ਸ੍ਰੀ ਅੰਮ੍ਰਿਤਸਰ ਵੈਸਾਖੀ ਦੇ ਖ਼ੂਨੀ ਸਾਕੇ ਪਿਛੋਂ ੨੬ ਸਤੰਬਰ ਨੂੰ ਕਾਨਪੁਰ ਵਿਖੇ ਨਕਲੀ ਨਿਰੰਕਾਰੀ ਆਗੂ ਗੁਰਬਚਨ ਸਿੰਘ ਦੇ ਪੁਜਣ ਤੇ ਸਿਖ ਸੰਗਤਾਂ ਉਨ੍ਹਾਂ ਦੇ ਕੁਸੰਗ ਭਵਨ ਤੇ ਪੁਰ-ਅਮਨ ਰੋਸ ਪਰਗਟ ਕਰਨ ਲਈ ਗਈਆ । ਉਥੇ ਜੋ ਗੁਰੂ ਕੇ ਸੇਵਕ ਸ਼ਹੀਦੀਆਂ ਪ੍ਰਾਪਤ ਕਰ ਗਏ, ਉਨ੍ਹਾਂ ਦੇ ਥੋੜੇ ਬਹੁਤੇ ਜੀਵਨ ਸ਼ਹੀਦ ਡੀਫੈਂਸ ਕਮੇਟੀ ਸ੍ਰੀ ਗੁਰੂ ਸਿੰਘ ਸਭਾ ਕਾਨਪੁਰ ਵਲੋਂ ਹਿੰਦੀ ਵਿਚ ਛਪੇ ਹਨ ਅਤੇ ਗਰਜ ਦਿਲੀ, ਅਜੀਤ ਤੇ ਅਕਾਲੀ ਪਤ੍ਰਕਾ ਜਲੰਧਰ ਨੇ ਵੀ ਛਾਪੇ ਹਨ। ਸ਼ਹੀਦ ਜਗਜੀਤ ਸਿੰਘ ਦਾ ਕੁਝ ਜੀਵਨ ਸਾਨੂੰ ਭਾਈ ਗੁਰਚਰਨਜੀਤ ਸਿੰਘ ਜੀ ਕਾਨਪੁਰ ਵਲੋਂ ਵੀ ਪੁਜਾ ਹੈ । ਇਨ੍ਹਾਂ ਸਭਨਾਂ ਦੀ ਸਹਾਇਤਾ ਨਾਲ ਅਸੀਂ ਸ਼ਹੀਦਾਂ ਦੀਆਂ ਪ੍ਰਾਪਤ ਹੋਈਆਂ ਜੀਵਨੀਆਂ ਦੇ ਰਹੇ ਹਾਂ ।

## *ਸ਼ਹੀਦਾਂ ਦੇ ਜੋ ਨਾਮ ਪ੍ਰਾਪਤ ਹੋਏ ਹਨ, ਉਨ੍ਹਾਂ ਦੇ ਨਾਂ ਪਤੇ ਇਹ ਹਨ–*

੧. ਭਾਈ ਜਗਜੀਤ ਸਿੰਘ ਜੀ, ਸਪੁੱਤਰ ਸ: ਗੁਰਦਿਆਲ ਸਿੰਘ ਜੀ, ੧੧੯/੩੭- ਨਸੀਮਾ-ਬਾਦ, ਡਾਕਖਾਨਾ ਰਾਮ ਕਿਸ਼ਨ ਨਗਰ, ਗੁਮਟੀ ਨੰਬਰ ੫, ਕਾਨਪੁਰ ।

੨. ਭਾਈ ਕਿਸ਼ਨ ਸਿੰਘ ਜੀ, ਸਪੁਤਰ ਸ: ਟਿਕਨ ਸਿੰਘ ਜੀ, ੧੬/੧-ਚਰਨ ਸਿੰਘ ਕਾਲੋਨੀ, ਹਲਵਾ ਖਾੜਾ, ਡਾਕਖ਼ਾਨਾ ਜੂਹੀ, ਗੋਬਿੰਦ ਨਗਰ, ਕਾਨਪੁਰ। ਮਾਲੀ ਹਾਲਤ ਬਹੁਤ ਕਮਜ਼ੋਰ ਹੈ ।

੩. ਭਾਈ ਕਸ਼ਮੀਰ ਸਿੰਘ ਜੀ, ਸਪੁਤਰ ਸ: ਕੁੰਦਨ ਸਿੰਘ ਜੀ, ੧੨੪/੨੮੨-ਬਲਾਕ ਨੰਬਰ ੧੨-ਬੀ-ਗੋਬਿੰਦ ਨਗਰ, ਕਾਨਪੁਰ ।
ਮਾਲੀ ਹਾਲਤ ਬਹੁਤ ਕਮਜ਼ੋਰ ਹੈ ।

੪. ਸਰਦਾਰਨੀ ਦਰਸ਼ਨ ਕੌਰ ਜੀ, ਸੁਪਤਨੀ ਸ: ਹਰਨਾਮ ਸਿੰਘ ਜੀ, ੨੯/੮- ਬਲਾਕ ਨੰਬਰ ੩, ਗੋਬਿੰਦ ਨਗਰ, ਕਾਨਪੁਰ।

੫. ਭਾਈ ਮਨਮੋਹਨ ਸਿੰਘ ਜੀ, ਸਪੁਤਰ ਸ: ਚਰਨ ਸਿੰਘ ਜੀ ਚਾਵਲਾ, ੩੫/੪- ਬਲਾਕ ਨੰਬਰ ੪, ਗੋਬਿੰਦ ਨਗਰ, ਕਾਨਪੁਰ ।

੬. ਭਾਈ ਹਰਚਰਨ ਸਿੰਘ ਜੀ, ਸਪੁਤਰ ਸ: ਬਲਵੰਤ ਸਿੰਘ ਜੀ, ਮਕਾਨ ਨੰਬਰ ੧੨/੨, ਬੰਬਾ ਰੋਡ, ਗੁਮਟੀ ਨੰਬਰ ੫, ਕਾਨਪੁਰ।

੭. ਭਾਈ ਗੁਰਜੀਤ ਸਿੰਘ ਜੀ, ਸਪੁਤਰ ਸ: ਜੋਗਿੰਦਰ ਸਿੰਘ ਜੀ ਵਾਸੂ, ੧੬੩/੮- ਸ਼ਾਸਤ੍ਰੀ ਨਗਰ, ਕਾਨਪੁਰ ।

੮. ਭਾਈ ਬਲਵੰਤ ਸਿੰਘ ਜੀ, ਸਪੁਤਰ ਸ: ਮਹਾਂ ਸਿੰਘ ਜੀ, ੧੨/੨- ਸਬਜ਼ੀ ਮੰਡੀ, ਬੰਬਾ ਰੋਡ, ਕਾਨਪੁਰ। ਮਾਲੀ ਹਾਲਤ ਬਹੁਤ ਕਮਜ਼ੋਰ ਹੈ ।

## *੨੬.੯.੭੮ ਨੂੰ ਵਰਤੇ ਸ਼ਹੀਦੀ ਸਾਕਾ ਕਾਨਪੁਰ ਦੇ ਫਟੜਾਂ ਦੀ ਸੂਚੀ--*

ਪਹਿਲੇ ਦੋ ਜਾਗੇਸ਼ਵਰ ਅਗਰਵਾਲ ਨਗਰਪਾਲਕਾ ਹਸਪਤਾਲ ਗੋਬਿੰਦ ਨਗਰ ਕਾਨਪੁਰ ਵਿਚ ਅਤੇ ਬਾਕੀ ਐਲ. ਐਲ. ਆਰ ਹਸਪਤਾਲ ਕਾਨਪੁਰ ਵਿਚ ਦਾਖਲ ਹਨ–

੧. ਭਾਈ ਦਲਜੀਤ ਸਿੰਘ ਜੀ ਸਪੁਤਰ ਸ: ਕਰਤਾਰ ਸਿੰਘ ਜੀ, ਉਮਰ ੨੫ ਸਾਲ, ੧੧੮/੧੫੪, ਬੰਬਾ ਰੋਡ, ਕੌਸ਼ਲ ਪੁਰੀ, ਕਾਨਪੁਰ, ਧਰਮ ਪਤਨੀ ਸਰਦਾਰਨੀ ਇੰਦਰਜੀਤ ਕੌਰ ਕੋਈ ਬੱਚਾ ਨਹੀਂ ਹੈ। ਸਿਰ ਵਿਚ, ਪੁੜਪੁੜੀ ਵਿਚ ਤੇ ਪਿਠ ਤੇ ਲਾਠੀਆਂ ਲਗੀਆਂ ਹਨ ਅਤੇ ਟਾਂਕੇ ਲਗੇ ਹਨ ।

੨. ਭਾਈ ਭਗਵਾਨ ਸਿੰਘ ਜੀ, ਸਪੁਤਰ ਸ: ਤਾਰਾ ਸਿੰਘ ਜੀ, ਉਮਰ ੬੦ ਸਾਲ, ਕੁਆਟਰ ਨੰਬਰ ੧੫/੧੫, ਬਲਾਕ ਨੰਬਰ ੨, ਗੋਬਿੰਦ ਨਗਰ, ਕਾਨਪੁਰ, ਧਰਮ ਪਤਨੀ ਸਰਦਾਰਨੀ ਗਿਆਨ ਕੌਰ, ੩ ਲੜਕੀਆਂ ਤੇ ੫ ਲੜਕੇ ਹਨ, ਜਿਨ੍ਹਾਂ ਵਿਚੋਂ ਦੋ ਕੁਆਰੇ ਹਨ । ਸਜੀ ਲੱਤ ਗੋਡੇ ਦੇ ਹੇਠ ਗੋਲੀ ਲਗੀ ਹੈ ਅਤੇ ਹਡੀ ਟੁਟ ਗਈ ਹੈ।



www.AKJ.Org

ਮਾਲੀ ਹਾਲਤ ਬਹੁਤ ਕਮਜ਼ੋਰ ਹੈ ।

੩. ਭਾਈ ਪ੍ਰਿਤਪਾਲ ਸਿੰਘ ਜੀ, ਸਪੁਤਰ ਸ: ਰਵੇਲ ਸਿੰਘ ਜੀ, ਉਮਰ ੩੦ ਸਾਲ, ਕੁਆਟਰ ਨੰਬਰ ੩੫/੧੪, ਬਲਾਕ ਨੰਬਰ ੪, ਗੁ: ਗੋਬਿੰਦ ਨਗਰ, ਕਾਨਪੁਰ, ਧਰਮਪਤਨੀ ਸਰਦਾਰਨੀ ਰਜਿੰਦਰ ਕੌਰ, ਦੋ ਲੜਕੀਆਂ ਢਾਈ ਸਾਲ ਤੇ ਇਕ ਸਾਲ ਦੀਆਂ ।
ਦੋ ਗੋਲੀਆਂ ਪਟ ਵਿਚ,ਇਕ ਗੋਲੀ ਰੀੜ੍ਹ ਵਾਲੀ ਹੱਡੀ ਦੇ ਹੇਠ ।

੪. ਪ੍ਰੋਫੈਸਰ ਕਾਹਨ ਸਿੰਘ ਜੀ ਅਰੋੜਾ, ਸਪੁਤਰ ਸ: ਨਾਨਕ ਸਿੰਘ ਜੀ, ਉਮਰ ੩੨ ਸਾਲ, ੧੨੪/੧੦੭-ਡੀ. ਬਲਾਕ, ਗੋਬਿੰਦ ਨਗਰ,ਕਾਨ-ਪੁਰ ਧਰਮਪਤਨੀ ਸਰਦਾਰਨੀ ਅਮਰਜੀਤ ਕੌਰ,੩ ਬੱਚੇ—੮ ਸਾਲ, ੩ ਸਾਲ, ਤੇ ੪ ਮਹੀਨੇ।
ਪੇਟ ਵਿਚ ਗੋਲੀ ਲਗੀ ਹੈ ।

੫. ਭਾਈ ਹਰਭਜਨ ਸਿੰਘ ਜੀ ਆਜਿਜ਼, ਕਨਵੀਨਰ 'ਰਣਜੀਤ ਨਗਾਰਾ', ਸਪੁਤਰ ਸ: ਜੈਮਲ ਸਿੰਘ ਜੀ, ਉਮਰ ੪੩ ਸਾਲ, ਧਰਮ ਪਤਨੀ ਸਰਦਾਰਨੀ ਜੋਗਿੰਦਰ ਕੌਰ, ੧੧੭/H-੨, ੧੦੪ ਪਾਂਡੂ ਨਗਰ ਕਾਨਪੁਰ, ਪੰਜ ਬੱਚੇ ਹਨ ।
ਸਿਰ ਵਿਚ ਅਤੇ ਬਾਹਾਂ ਤੇ ਲਾਠੀਆਂ ਲਗੀਆਂ ਹਨ ਅਤੇ ਪਿਸ਼ਾਬ ਵਾਲੀ ਥਾਂ ਲਾਗੇ ਇੱਟ ਲਗੀ ਹੈ ।

੬. ਭਾਈ ਸਰਦਾਰ ਸਿੰਘ ਜੀ ਸਪੁਤਰ ਸ: ਲੱਧਾ ਸਿੰਘ ਜੀ ਬੱਗਾ, ਉਮਰ ੭੯ ਸਾਲ,੧੧੮/੨੯੫, ੧੧੮.੩੪੫, ਕੌਸ਼ਲਪੁਰੀ, ਕਾਨਪੁਰ, ਧਰਮ-ਪਤਨੀ ਨਹੀਂ ਹੈ । ਛੇ ਬੱਚੇ ਹਨ । ਕੰਮ ਕਾਰ ਕੋਈ ਨਹੀਂ ।
ਖੱਬੀ ਵੱਖੀ ਲੱਕ ਦੇ ਉਪਰ ਗੋਲੀ ਲਗੀ ਹੈ । ਖੱਬੀ ਬਾਂਹ, ਖੱਬੀ ਲੱਤ ਅਤੇ ਮੋਢੇ ਤੇ ਲਾਠੀਆਂ ਲਗੀਆਂ ਹਨ । ਖਬੇ ਹੱਥ ਦੀ ਹੱਡੀ ਟੁਟ ਗਈ ਹੈ।

੭. ਭਾਈ ਜੋਗਿੰਦਰ ਸਿੰਘ ਜੀ, ਸਪੁਤਰ ਸ: ਪ੍ਰੀਤਮ ਸਿੰਘ ਜੀ, ਉਮਰ ੪੦ ਸਾਲ, ੪੧।੪-ਲੇਬਰ ਕਾਲੋਨੀ,ਕਾਨਪੁਰ, ਤਿੰਨ ਲੜਕੇ ਤੇ ਦੋ ਲੜਕੀਆਂ, ਧਰਮਪਤਨੀ ਸਰਦਾਰਨੀ ਜਾਗੀਰ ਕੌਰ ।
ਸਿਰ ਵਿਚ ਸਾਹਮਣੇ ਮਥੇ ਦੇ ਨਾਲ ਗੋਲੀ ਲਗੀ ਹੈ । ਦੋਹਾਂ ਬਾਹਾਂ ਤੇ ਲਾਠੀਆਂ ਲਗੀਆਂ ਹਨ ।

੮. ਭਾਈ ਅਨੂਪ ਸਿੰਘ ਜੀ, ਸਪੁਤਰ ਸ: ਕਿਸ਼ਨ ਸਿੰਘ ਜੀ, ਉਮਰ ੨੦ ਸਾਲ, ਵਿਦਿਆਰਥੀ ਐਮ. ਏ. Eco (P), ੧੧੮/੩੫੦ ਏ ਕੌਸ਼ਲ-ਪੁਰੀ, ਕਾਨਪੁਰ ।
ਸੱਜੀ ਬਾਂਹ ਵਿਚ ਗੋਲੀ ਲਗੀਹੈ,ਉਂਗਲੀਆਂ ਅਤੇ ਪਿਠ ਤੇ ਡਾਂਗਾਂ ਲਗੀਆਂ ਦੇ ਜ਼ਖ਼ਮੀ ਹਨ ।

੯. ਭਾਈ ਇਕਬਾਲ ਸਿੰਘ ਜੀ, ਸਪੁਤਰ ਸ: ਕਿਸ਼ਨ ਸਿੰਘ ਜੀ, ਉਮਰ ੧੭ ਸਾਲ, (ਬਾਕੀ ਵੇਰਵਾ ਉਪਰ ੮ ਨੰਬਰ ਵਾਲਾ ਹੈ) ।
ਗਰਦਨ ਵਿਚ ਗੋਲੀ ਲੱਗੀ ਹੈ ।

੧੦. ਭਾਈ ਜਸਵੰਤ ਸਿੰਘ ਜੀ ਪੰਛੀ, ਸਪੁਤਰ ਸ: ਕੇਹਰ ਸਿੰਘ ਜੀ, ਉਮਰ ੪੦ ਸਾਲ, ੩੫੩/੨ ਸ਼ਾਸਤਰੀ ਨਗਰ, ਕਾਨਪੁਰ, ਧਰਮਪਤਨੀ ਸਰ-ਦਾਰਨੀ ਹਰਭਜਨ ਕੌਰ, ਇਕ ਲੜਕਾ ੧੦ ਸਾਲ ਦਾ ਹੈ ।
ਸੱਜੇ ਪੱਟ ਵਿਚ ਗੋਲੀ ਲਗੀ ਹੈ ।

੧੧. ਸ੍ਰੀ ਅਸ਼ੋਕ, ਸਪੁਤਰ ਸ੍ਰੀ ਰਾਮਦਾਸ, ਉਮਰ ੨੦ ਸਾਲ, ੧੨੪/A-੧੯੨,ਬਲਾਕ ਨੰਬਰ ੧੧, ਗੋਬਿੰਦ ਨਗਰ, ਕਾਨਪੁਰ ।
ਸੱਜੀ ਬਾਂਹ ਵਿਚ ਗੋਲੀ ਲੱਗੀ ਹੈ।

੧੨. ਭਾਈ ਗੁਰਬਚਨ ਸਿੰਘ ਜੀ, ਸਪੁਤਰ ਸ: ਭਗਤ ਸਿੰਘ ਜੀ, ਉਮਰ ੭੨ ਸਾਲ, ੧੧੮/੪੩੯-ਕੌਸ਼ਲ ਪੁਰੀ, ਧਰਮ ਪਤਨੀ ਸ੍ਰੀਮਤੀ ਬੀਬੀ ਵਿਦਿਆ ਵੰਤੀ, ਛੇ ਬਚੇ ।
ਗੋਲੀ ਖੱਬੀ ਬਾਂਹ ਵਿਚ ਲਗੀ ਹੈ । ਹੱਡੀ ਟੁੱਟੀ ਹੈ । ਕੰਮ ਕਾਰ ਕੋਈ ਨਹੀਂ ਹੈ ।

੧੩. ਭਾਈ ਗੁਰਚਰਨ ਸਿੰਘ ਜੀ, ਸਪੁਤਰ ਸ: ਮਹਾਂ ਸਿੰਘ ਜੀ, ਉਮਰ ੩੦ ਸਾਲ, ਸ਼ਹੀਦ ਕਾਕਾ ਬਲਵੰਤ ਸਿੰਘ ਦੇ ਭਾਈ, ੧੨/੨-ਸਬਜ਼ੀ ਮੰਡੀ, ਬੰਬਾ ਰੋਡ, ਕਾਨਪੁਰ, ਧਰਮ ਪਤਨੀ ਸਰਦਾਰਨੀ ਸੁਰਿੰਦਰ ਕੌਰ, ਤਿੰਨ ਲੜਕੇ ਹਨ ।



www.AKJ.Org

ਸੱਜੀ ਵੱਖੀ ਵਿਚ ਗੋਲੀ ਲੱਗੀ ਹੈ। ਮਾਲੀ ਹਾਲਤ ਬਹੁਤ ਕਮਜ਼ੋਰ ਹੈ।

੧੪. ਭਾਈ ਕਰਮ ਸਿੰਘ ਜੀ, ਅਲੀ ਗੜ੍ਹ । ਸੱਜੀ ਲੱਤ ਵਿਚ ਗੋਲੀ ਲਗੀ ਹੈ।

## ਜੀਵਨ
## ਸ਼ਹੀਦ ਭਾਈ ਜਗਜੀਤ ਸਿੰਘ ਜੀ

ਨਵੰਬਰ ੧੯੭੩ ਨੂੰ ਭਾਈ ਗੁਰਬਖ਼ਸ਼ ਸਿੰਘ ਜੀ ਬਿਬੇਕੀ ਕਾਨਪੁਰ ਦੇ ਗ੍ਰਿਹ ਵਿਖੇ ਅਖੰਡ ਕੀਰਤਨੀ ਜਥੇ ਦੇ ਸੇਵਕਾਂ ਵਲੋਂ ਅੰਮ੍ਰਿਤ-ਸਿੰਚਾਰ ਸਮਾਗਮ ਹੋਏ। ਇਸ ਸਮਾਗਮ ਵਿਚ ਹੀ ਭਾਈ ਜਗਜੀਤ ਸਿੰਘ ਜੀ, ਹੋਰ ਗੁਰੂ-ਦੁਲਾਰਿਆਂ ਦੇ ਨਾਲ ਪੇਸ਼ ਹੋਇਆ ਸੀ। ਭਾਈ ਗੁਰਚਰਨਜੀਤ ਸਿੰਘ ਜੀ, ਜੋ ਇਸ ਸਮਾਗਮ ਵਿਚ ਆਪਣੇ ਛੋਟੇ ਬੱਚੇ ਨੂੰ ਅੰਮ੍ਰਿਤ ਦੀ ਦਾਤਿ ਦਿਵਾਉਣ ਲਈ ਪੁਜੇ ਹੋਏ ਸਨ, ਲਿਖਦੇ ਹਨ ਕਿ ਉਸ ਸਮੇਂ ਭਾਈ ਜਗਜੀਤ ਸਿੰਘ ਜੀ ਦੀ ਅਤਿ ਬਿਹਬਲ ਦਸ਼ਾ ਕਹਿਣ ਸੁਣਨ ਤੋਂ ਬਾਹਰੀ ਸੀ ਅਤੇ ਅੰਮ੍ਰਿਤ ਪਾਨ ਕਰ ਕੇ ਜੋ ਨਾਮ ਦੇ ਗੂੜ੍ਹੇ ਰੰਗ ਉਨ੍ਹਾਂ ਤੇ ਚੜ੍ਹੇ, ਉਹ ਅਸਚਰਜ ਹੀ ਸਨ। ਧੁਰ ਦੀ ਚਾਬੀ ਲਗ ਗਈ ਅਤੇ ਨਾਮ ਦਾ ਖੰਡਾ ਇਤਨਾ ਜ਼ੋਰੋ ਜ਼ੋਰ ਖੜਕ ਰਿਹਾ ਸੀ ਕਿ ਇਉਂ ਜਾਪਦਾ ਸੀ ਜਿਵੇਂ ਕਈ ਸਾਲਾਂ ਦਾ ਤਕੜਾ ਅਭਿ-ਆਸੀ ਹੁੰਦਾ ਹੈ।

ਅੰਮ੍ਰਿਤ ਛਕਣ ਤੋਂ ਬਾਅਦ ਅਖੰਡ ਕੀਰਤਨੀ ਸਮਾਗਮਾਂ ਦੀਆਂ ਹਾਜ਼ਰੀਆਂ ਭਰਨ ਵਿਚ ਸਦਾ ਤਤਪਰ ਰਹਿੰਦਾ ਸੀ, ਕਦੇ ਕਿਸੇ ਸਮਾਗਮ ਦਾ ਨਾਗਾ ਨਾ ਹੋਣ ਦਿੰਦਾ । ਕਿੰਨਾ ਚਿਰ ਇਹ ਵੀਰ ਗੁਪਤ ਤੌਰ ਤੇ ਹੀ ਵਿਚਰਦਾ ਰਿਹਾ । ਇਸ ਨਿਕੀ ਜਹੀ ਉਮਰ ਵਿਚ ਪੰਥ ਦੀ ਵਿਗੜੀ ਨੂੰ ਸੰਵਾਰਨ ਲਈ ਐਸੀਆਂ ਸੁਲਝੀਆਂ ਹੋਈਆਂ ਗੱਲਾਂ ਕਰਦਾ ਹੁੰਦਾ ਸੀ, ਜੋ ਦੂਰਅੰਦੇਸ਼ ਜਰਨੈਲ ਨੂੰ ਵੀ ਮਾਤ ਪਾਂਦੀਆਂ ਸਨ।

੧੯੭੬ ਦੇ ਅਖ਼ੀਰ ਵਿਚ ਭਾਈ ਜਗਜੀਤ ਸਿੰਘ ਜੀ, ਸ਼ਹੀਦ ਭਾਈ ਫ਼ੌਜਾ ਸਿੰਘ ਦੇ ਖ਼ਾਲਸਾ ਫ਼ਾਰਮ ਜ਼ਿਲਾ ਗੁਰਦਾਸਪੁਰ ਜਾ ਟਿਕਿਆ ਸੀ । ਆਪ ਬਹੁਤਾ ਸਮਾਂ ਭਾਈ ਫ਼ੌਜਾ ਸਿੰਘ ਜੀ ਪਾਸ ਰਹਿ ਕੇ ਪ੍ਰਸੰਨ ਹੁੰਦੇ ਸਨ। ਉਥੇ ਰਹਿ ਕੇ ਬੜੀ ਲਗਨ ਨਾਲ ਗਤਕਾ ਸਿਖਿਆ। ਸ੍ਰੀ ਅੰਮ੍ਰਿਤਸਰ ਵੈਸਾਖੀ ਦੇ ਖ਼ੂਨੀ ਕਾਂਡ ਸਮੇਂ ਭਾਈ ਜਗਜੀਤ ਸਿੰਘ ਹਜ਼ੂਰ ਸਾਹਿਬ ਗਿਆ ਹੋਇਆ ਸੀ, ਜਿਸ ਦਾ ਇਸ ਨੂੰ ਬੜਾ ਅਫ਼ਸੋਸ ਹੋਇਆ। ਵੈਸਾਖੀ ਦੇ ਸਾਕੇ ਪਿਛੋਂ ਉਹ ਕਈ ਵਾਰ ਕਹਿੰਦਾ ਹੁੰਦਾ ਸੀ ਕਿ ਇੰਨੇ ਗੁਰੂ ਕੇ ਲਾਲ ਸ਼ਹੀਦੀਆਂ ਪਾ ਜਾਣ ਅਤੇ ਕੌਮ ਫਿਰ ਵੀ ਸੁੱਤੀ ਹੀ ਰਹੇ ! ਉਹ ਕੌਮ ਦੀ ਨਿਘਰਦੀ ਦਸ਼ਾ ਨੂੰ ਵੇਖ ਵੇਖ ਤੜਪਦਾ ਰਹਿੰਦਾ ਸੀ।

ਸ਼ਹੀਦ ਭਾਈ ਜਗਜੀਤ ਸਿੰਘ ਦੀ ਉਮਰ ੨੨ ਸਾਲਾਂ ਦੀ ਸੀ। ਆਪ ਦਾ ਜਨਮ ਕਾਨਪੁਰ ਵਿਚ ਹੀ ਹੋਇਆ। ਆਪ ਦੇ ਮਾਤਾ ਪਿਤਾ ਪਿੰਡ ਕਾਜ਼ੀ ਚਕ, ਡਾਕਖ਼ਾਨਾ ਦੀਨ ਜ਼ਿਲਾ ਜੇਹਲਮ (ਪਾਕਿ-ਸਤਾਨ) ਤੋਂ ਕਾਨਪੁਰ ਵਿਚ ਆ ਕੇ ਵਸੇ ਹਨ। ਪਹਿਲਾਂ ਇਹ ਬੱਚਾ ਗੁਰੂ ਨਾਨਕ ਸਕੂਲ ਤੇ ਹੁਣ ਬੀ. ਐਨ. ਐਸ. ਡੀ. ਕਾਲਜ ਵਿਚ ਬੀ. ਏ. ਫਾਈਨਲ ਵਿਚ ਪੜ੍ਹਦਾ ਸੀ । ਆਪ ਦੇ ਪਿਤਾ ਸ: ਗੁਰਦਿਆਲ ਸਿੰਘ ਅਤੇ ਮਾਤਾ ਮਹਿੰਦਰ ਕੌਰ ਜੀ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਸਪੂਤ ਨੇ ਗੁਰੂ ਪਾਤ-ਸ਼ਾਹ ਦੇ ਚਰਨਾਂ ਦੇ ਪਿਆਰ ਵਿਚ ਆਪਣੀ ਜਾਨ ਕੁਰਬਾਨ ਕਰ ਦਿਤੀ। ਆਪ ਦੇ ਪਿਤਾ ਜੀ ਮੋਟਰ-ਪਾਰਟਸ ਦਾ ਕੰਮ ਕਰਦੇ ਹਨ । ਭਾਈ ਜਗਜੀਤ ਸਿੰਘ ਤੋਂ ਚਾਰ ਭਰਾ ਵਡੇ ਹਨ, ਇਕ ਛੋਟਾ ਹੈ ਅਤੇ ਇਕ ਭੈਣ ਹੈ। ਸਭ ਤੋਂ ਵਡੇ ਦੋ ਭਰਾਵਾਂ ਕੁਲਵੰਤ ਸਿੰਘ ਅਤੇ ਗੁਰਚਰਨ ਸਿੰਘ ਹੋਰਾਂ ਅਜੇ ਤਕ ਅੰਮ੍ਰਿਤ ਨਹੀਂ ਛਕਿਆ ਅਤੇ [illegible] ਵਖਰੇ ਹੀ ਰਹਿੰਦੇ ਹਨ। ਪਰ ਇਸ ਹੋਨਹਾਰ ਬੱਚੇ ਦੀ ਸ਼ਹੀਦੀ ਜ਼ਰੂਰ ਰੰਗ ਲਾਏਗੀ ਅਤੇ ਬਾਕੀ ਪਰਵਾਰ ਵਾਂਗ ਇਹ ਦੋਵੇਂ ਵੀਰ ਵੀ ਗੁਰੂ ਵਾਲੇ ਬਣ ਜਾਣਗੇ।

ਭਾਈ ਜਗਜੀਤ ਸਿੰਘ ਜੀ ਦੇ ਮਾਤਾ ਪਿਤਾ, ਭੈਣ ਤੇ ਹੋਰ ਪਰਵਾਰ ਤਿਆਰ-ਬਰ-ਤਿਆਰ ਹਨ। ਜਿਥੇ ਮਾਤਾ ਜੀ ਨੇ ਸੀਸ ਤੇ ਕੇਸਕੀ ਸਜਾਈ ਹੋਈ



www.AKJ.Org

ਹੈ ਉਥੇ ਭੈਣ ਇਕਬਾਲ ਕੌਰ ਨੇ ਵੀ, ਜੋ ਸਕੂਲ ਦੇ ਬੜੇ ਬਿਖੜੇ ਤੇ ਕਰੜੇ ਨੁਕਤਾਚੀਨ ਮਾਹੌਲ ਵਿਚ ਪੜ੍ਹਦੀ ਹੈ, ਸੀਸ ਤੇ ਕੇਸਕੀ ਕਾਇਮ ਰਖੀ ਹੋਈ ਹੈ। ਇਸ ਸ਼ਹੀਦੀ ਸਾਕੇ ਸਮੇਂ ਭਾਈ ਜਗਜੀਤ ਸਿੰਘ ਜੀ ਦੀ ਮਾਤਾ ਅਤੇ ਭੈਣ ਦੋਵੇਂ ਹੀ ਨਰਕਧਾਰੀਆਂ ਦੇ ਕੁਸੰਗ ਭਵਨ ਵਿਚ ਰੋਸ-ਜਲੂਸ ਦੇ ਨਾਲ ਪੁਜੀਆਂ ਹੋਈਆਂ ਸਨ । ਉਸ ਸਮੇਂ ਮਾਤਾ ਦੇ ਸੀਸ ਵਿਚ ਪੱਥਰ ਵੀ ਵਜਾ, ਪਰ ਰਤਾ ਵੀ ਘਬਰਾਹਟ ਨਹੀਂ ਆਈ ਅਤੇ ਸਿਖ ਸੰਗਤਾਂ ਦੇ ਨਾਲ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਰਹੇ।

ਭਾਈ ਜਗਜੀਤ ਸਿੰਘ ਦੇ ਭਾਈ ਸੁਰਿੰਦਰ ਸਿੰਘ ਜੀ ਸਭ ਤੋਂ ਪਹਿਲਾਂ ਅਖੰਡ ਕੀਰਤਨੀ ਜੱਥੇ ਦੇ ਸਿੰਘਾਂ ਦੇ ਮੇਲੀ ਗੇਲੀ ਬਣੇ ਅਤੇ ਉਨ੍ਹਾਂ ਦੀ ਨਿਤ ਦੀ ਰਹਿਣੀ ਬਹਿਣੀ ਦੇ ਪ੍ਰਭਾਵ ਨਾਲ ਵੀਰ ਜਗਜੀਤ ਸਿੰਘ (ਸ਼ਹੀਦ), ਵੀਰ ਜਸਬੀਰ ਸਿੰਘ, ਭੈਣ ਇਕਬਾਲ ਕੌਰ, ਅਤੇ ਸਭ ਤੋਂ ਛੋਟਾ ਵੀਰ ਚਰਨਜੀਤ ਸਿੰਘ ਵੀ ਅਖੰਡ ਕੀਰਤਨੀ ਜੱਥੇ ਨਾਲ ਮਿਲ ਕੇ ਅੰਮ੍ਰਿਤ ਪਾਨ ਕਰ ਕੇ ਗੁਰੂ ਕੇ ਹੋ ਗਏ। ਆਪ ਦੇ ਮਾਤਾ ਪਿਤਾ ੧੯੭੭ ਦੇ ਦਿਲੀ ਦੁਸ-ਹਿਰੇ ਸਮਾਗਮ ਸਮੇਂ ਹੀ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਪੂਰਨ ਤੌਰ ਤੇ ਰਹਿਤ ਬਹਿਤ ਵਿਚ ਤਿਆਰ ਹੋਏ ਹਨ।

ਭਾਈ ਜਗਜੀਤ ਸਿੰਘ ਜੀ ਸਿਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਰਗਰਮ ਮੈਂਬਰ ਸਨ । ਆਪ ਨੇ ਰਾਜਸਥਾਨ ਦੇ ਪਿੰਡ ਪਿੰਡ ਵਿਚ ਪੰਜਾਂ ਪਿਆਰਿਆਂ ਦੇ ਸੰਗ ਸਾਥ ਅੰਮ੍ਰਿਤ ਪਰਚਾਰ ਦੀ ਲਹਿਰ ਚਲਾਈ ਅਤੇ ਕਈਆਂ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾ ਕੇ ਗੁਰੂ ਦੇ ਲੜ ਲਾਇਆ। ਇਸ ਉਦਮ ਦਾ ਸਿੱਟਾ ਇਹ ਹੈ ਕਿ ਹੁਣ ਭੀਲਵਾੜਾ ਦੇ ਇਲਾਕੇ ਵਿਚ ਕੋਈ ਸਿਖ ਵੀ ਸ਼ਰਾਬ ਪੀਂਦਾ ਨਜ਼ਰ ਨਹੀਂ ਆਉਂਦਾ ।

ਸ਼ਹੀਦੀ ਦਾ ਚਾਉ ਇਸ ਹੋਨਹਾਰ ਦੇ ਅੰਦਰ ਠਾਠਾਂ ਮਾਰ ਰਿਹਾ ਸੀ ਅਤੇ ਨਿਤ ਹੀ ਗੁਰੂ ਚਰਨਾਂ ਵਿਚ ਜੋਦੜੀਆਂ ਕਰਦੇ ਰਹਿਣਾ ਕਿ ਸੱਚੇ ਪਾਤਸ਼ਾਹ ਜੀ, ਮੇਰੇ ਇਸ ਨਕਾਰੇ ਸਰੀਰ ਨੂੰ ਆਪਣੇ ਲੇ ਲਾ ਲਵੋ ਜੀ । ਇਸ ਪ੍ਰਭਾਵ ਹੇਠ ਦਸਿਆ ਜਾਂਦਾ ਹੈ ਕਿ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ ਕਲਗੀਧਰ ਜੀ ਉਸ ਨੂੰ ਸੁਪਨੇ ਵਿਚ ਆਏ ਤੇ ਕਹਿਣ ਲਗੇ ਕਿ ਤੂੰ ਸ਼ਹੀਦ ਹੋ ਜਾਣਾ ਹੈ। ਸ਼ਹੀਦੀ ਤੋਂ ਦੋ ਦਿਨ ਪਹਿਲਾਂ ਆਪ ਜੀ ਨੇ ਆਪਣੀ ਸਤਿਕਾਰ ਯੋਗ ਦਾਦੀ ਨੂੰ ਦਸ ਦਿਤਾ ਕਿ ਮੇਰਾ ਅੰਤਮ ਸਮਾਂ ਨੇੜੇ ਹੈ, ਮੇਰੇ ਪਿਛੋਂ ਪਰਵਾਰ ਦਾ ਕੋਈ ਵੀ ਜੀਅ ਰੁਦਨ ਨਾ ਕਰੇ । ਸਚਮੁਚ ਹੀ ਆਪ ਦੇ ਗੁਰਮੁਖ ਪਰਵਾਰ ਨੇ, ਸ਼ਹੀਦੀ ਪਿਛੋਂ ਚੜ੍ਹਦੀ ਕਲਾ ਵਿਚ ਰਹਿ ਕੇ, ਗੁਰੂ ਦੇ ਭਾਣੇ ਨੂੰ ਖਿੜੇ ਮੱਥੇ ਮੰਨ ਕੇ, ਸ਼ਹੀਦ ਦੀ ਅੰਤਮ ਇਛਾ ਪੂਰੀ ਕਰ ਵਿਖਾਈ । ਸ਼ਹੀਦੀ ਤੋਂ ਪਹਿਲਾਂ ਭਾਈ ਜਗਜੀਤ ਸਿੰਘ ਜੀ ਸਾਰੀ ਰਾਤ ਕੀਰਤਨ ਕਰਦੇ ਰਹੇ।

ਅਜੇ ਮਹੀਨਾ ਹੀ ਬੀਤਿਆ ਹੋਣਾ ਹੈ ਕਿ ਆਪ ਬੀ. ਏ. ਦੀ ਪ੍ਰੀਖਿਆ ਦੇਣ ਗਏ ਸੀ ਅਤੇ ਉਥੇ ਸਾਰੇ ਪਰਚਿਆਂ ਦੇ ਪੰਨਿਆਂ ਤੇ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਲਿਖ ਕੇ ਆ ਗਏ। ਜਦੋਂ ਪੁਛਿਆ ਗਿਆ ਕਿ ਪਰਚੇ ਕਿਹੋ ਜਿਹੇ ਹੋਏ ਹਨ ਤਾਂ ਕਿਹਾ, ਪ੍ਰੀਖਿਆ ਤਾਂ ਕੋਈ ਹੋਰ ਹੈ, ਮੈਂ ਦੂਜੀ ਪ੍ਰੀਖਿਆ ਦੀ ਤਿਆਰੀ ਵਿਚ ਲਗਾ ਹੋਇਆਂ ਹਾਂ।

ਸ਼ਹੀਦੀ ਪਾਉਣ ਦਾ ਇੰਨਾ ਤੀਬਰ ਚਾਅ ਸੀ ਕਿ ਜਦੋਂ ੨੯ ਸਤੰਬਰ ਨੂੰ ਸਵੇਰੇ ਨੌਂ ਦਸ ਵਜੇ ਸਿਖ ਸੰਗਤਾਂ ਨਰਕਧਾਰੀਆਂ ਦੇ ਭਵਨ ਵਲ ਚਾਲੇ ਪਾਉਣ ਵਾਲੀਆਂ ਸਨ ਤਾਂ ਕੁਝ ਗਿਣਤੀ ਦੇ ਸਿੰਘਾਂ ਨਾਲ ਸਭ ਤੋਂ ਅਗੇ ਸਨ ਅਤੇ ਬਾਕੀ ਸਿੰਘਾਂ ਤੋਂ ਅਗੇ ਹੋ ਕੇ ਭਾਈ ਕਿਸ਼ਨ ਸਿੰਘ ਜੀ ਸਮੇਤ ਸਭ ਤੋਂ ਪਹਿਲਾਂ ਭਵਨ ਦੇ ਅੰਦਰ ਦਾਖ਼ਲ ਹੋ ਗਏ, ਜਿਥੇ ਆਪ ਨਰਕਧਾਰੀਆਂ ਦੀਆਂ ਡਾਂਗਾਂ ਅਤੇ ਸ਼ਸਤਰਾਂ ਦੀ ਮਾਰ ਨਾਲ ਚੂਰਾ ਚੂਰਾ ਹੋ ਕੇ ਸ਼ਹੀਦੀ ਪ੍ਰਾਪਤ ਕਰ ਗਏ।

## ਸ਼ਹੀਦ ਭਾਈ ਕਿਸ਼ਨ ਸਿੰਘ ਜੀ

ਭਾਈ ਕਿਸ਼ਨ ਸਿੰਘ ਦਾ ਜਨਮ ਪਾਕਿਸਤਾਨ



www.AKJ.Org

ਦੇ ਪਿੰਡ ਕੋਟਲਾਜਾਮ, ਤਸੀਲ ਭਖੜ ਜ਼ਿਲਾ ਮੀਆਂ-ਵਾਲੀ ਦਾ ਹੈ। ਆਪ ਦੇ ਪਿਤਾ ਦਾ ਨਾਂ ਸ: ਟਿਕਨ ਸਿੰਘ ਜੀ ਸੀ। ਬਚਪਨ ਤੋਂ ਹੀ ਆਪ ਦੇ ਦਿਲ ਵਿਚ ਗੁਰੂ ਘਰ ਲਈ ਅਪਾਰ ਸ਼ਰਧਾ ਸੀ। ਆਪ ਬੜੇ ਨਿਰਮਾਣ ਸੇਵਕ ਸਨ ਅਤੇ ਪੰਥਕ ਕਾਰਜਾਂ ਵਿਚ ਸਦਾ ਮੋਹਰਲੀ ਕਤਾਰ ਵਿਚ ਰਹਿੰਦੇ ਸਨ। ਆਪ ਡੇਰਾ ਇਸਮਾਈਲ ਖਾਂ (ਪਾਕਿਸਤਾਨ) ਤੋਂ ਉਜੜ ਕੇ ਕਾਨਪੁਰ ਆ ਕੇ ਵਸੇ ਸਨ। ਉਥੇ ਇਹ ਆਪਣੇ ਪਿੰਡ ਦੇ ਗੁਰਦਵਾਰੇ ਦੇ ਮੁਖੀ ਸਨ। ਕਾਨਪੁਰ ਵਿਚ ਆ ਕੇ ਉਹ ਐਸ ਪੀ. ਇੰਜੀਨੀਅਰਿੰਗ ਕਾਰਪੋਰੇਸ਼ਨ ਵਿਚ ਕੰਮ ਕਰਦੇ ਰਹੇ। ਹੁਣ ਚਾਰ ਕੁ ਸਾਲਾਂ ਭੋਂ ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ ਗੋਬਿੰਦ ਨਗਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਸਮਾਂ ਬਿਤਾਂਦੇ ਸਨ ਅਤੇ ਬੜੀ ਸਾਦਗੀ ਨਾਲ ਜੀਵਨ-ਨਿਰਬਾਹ ਕਰ ਰਹੇ ਸਨ।

ਆਪ ਦੇ ਅੰਦਰ ਪੰਥਕ ਜਜ਼ਬਾ ਤੇ ਦੇਸ਼ ਭਗਤੀ ਦਾ ਪਿਆਰ ਕੁਟ ਕੁਟ ਕੇ ਭਰਿਆ ਹੋਇਆ ਸੀ। ੧੯੬੦ ਦੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਆਪ ਨੇ ਦਿਲੀ ਸੀਸ ਗੰਜ ਵਿਚ ਪੁਜ ਕੇ ਆਪਣੀ ਗ੍ਰਿਫਤਾਰੀ ਦਿਤੀ ਅਤੇ ਛੇ ਮਹੀਨੇ ਦੀ ਕੈਦ ਕਟੀ। ਜਨਵਰੀ ੧੯੬੧ ਵਿਚ ਮੋਰਚੇ ਦੀ ਸਮਾ-ਪਤੀ ਤੇ ਹੀ ਰਿਹਾ ਹੋ ਕੇ ਆਏ।

ਆਪ ਆਪਣੇ ਪਿਛੇ ਪੰਜ ਲੜਕੇ—ਸ: ਗੁਰਮੁਖ ਸਿੰਘ, ਸ: ਹਰਨਾਮ ਸਿੰਘ, ਸ: ਅਵਤਾਰ ਸਿੰਘ, ਸ: ਦਲਜੀਤ ਸਿੰਘ ਤੇ ਸ: ਗੁਰਦੀਪ ਸਿੰਘ ਅਤੇ ਇਕ ਲੜਕੀ ਦਰਸ਼ਨ ਕੌਰ ਛਡ ਗਏ ਹਨ। ਇਨ੍ਹਾਂ ਲੜਕਿਆਂ ਵਿਚੋਂ ਤਿੰਨਾਂ ਦੀਆਂ ਸ਼ਾਦੀਆਂ ਅਜੇ ਹੋਣ ਵਾਲੀਆਂ ਹਨ।

ਜਲੂਸ ਵਿਚ ਜਾਣ ਤੋਂ ਪਹਿਲਾਂ ਉਨ੍ਹਾਂ ਪ੍ਰਵਾਰ ਦੇ ਮੈਂਬਰਾਂ ਨੂੰ ਕਹਿ ਦਿਤਾ ਸੀ ਕਿ ਹੁਣ ਤੁਹਾਡਾ ਮੇਰਾ ਸਾਥ ਖਤਮ ਹੋ ਗਿਆ ਹੈ। ਜਲੂਸ ਵਿਚ ਉਹ ਆਪਣੇ ਸਾਰੇ ਪਰਵਾਰ ਨੂੰ ਨਾਲ ਲੈ ਕੇ ਗਏ ਸਨ।

ਭਾਈ ਕਿਸ਼ਨ ਸਿੰਘ ਜੀ ਦੇ ਸਿਰ ਵਿਚ ਪਹਿਲਾਂ ਇੱਟਾਂ ਤੇ ਡਾਂਗਾਂ ਮਾਰੀਆਂ ਗਈਆਂ ਅਤੇ ਫਿਰ ਬਾਅਦ ਵਿਚ ਤਿੰਨ ਗੋਲੀਆਂ, ਇਕ ਬਾਂਹ ਵਿਚ, ਇਕ ਪੇਟ ਵਿਚ ਤੇ ਇਕ ਮੋਢੇ ਵਿਚ ਲਗੀਆਂ। ਉਨ੍ਹਾਂ ਨੂੰ ਹਸਪਤਾਲ ਵਿਚ ਲਿਜਾ ਕੇ ਖ਼ੂਨ ਦੀਆਂ ਪੰਜ ਬੋਤਲਾਂ ਚੜ੍ਹਾਈਆਂ ਗਈਆਂ ਅਤੇ ਰਾਤੀ ਸਵਾ ਅਠ ਵਜੇ ਦੇ ਕਰੀਬ ਓਪਰੇਸ਼ਨ ਕੀਤਾ ਗਿਆ, ਪਰ ਕੋਈ ਵੀ ਇਲਾਜ ਰਾਸ ਨਾ ਆਇਆ। ਉਹ ੬੪ ਸਾਲ ਦੀ ਆਯੂ ਵਿਚ ਸ਼ਹੀਦੀ ਜਾਮ ਪ੍ਰਾਪਤ ਕਰ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

## ਸ਼ਹੀਦ ਬਾਬਾ ਕਸ਼ਮੀਰਾ ਸਿੰਘ ਜੀ

ਭਾਈ ਕਸ਼ਮੀਰਾ ਸਿੰਘ ਦੀ ਉਮਰ ਤਾਂ ਅਜੇ ੩੫ ਕੁ ਸਾਲਾਂ ਦੀ ਹੀ ਸੀ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਅਤੇ ਸਿਖ ਇਤਿਹਾਸ ਦੀ ਖੋਜ ਵਿਚ ਜੁਟੇ ਰਹਿਣ ਕਾਰਨ, ਸਿਖ ਸੰਗਤਾਂ ਸਤਿਕਾਰ ਵਜੋਂ ਬਾਬਾ' ਕਸ਼ਮੀਰਾ ਸਿੰਘ ਜੀ ਕਹਿ ਕੇ ਪੁਕਾਰਦੀਆਂ ਸਨ।

ਆਪ ਦਾ ਜਨਮ ੫ ਜੂਨ ੧੯੪੩ ਨੂੰ ਪਿੰਡ ਬਹਿਲੇ, ਤਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿਖੇ ਪਿਤਾ ਸ: ਕੁੰਦਨ ਸਿੰਘ ਜੀ ਅਤੇ ਮਾਤਾ ਹਰਨਾਮ ਕੌਰ ਦੀ ਕੁਖੋਂ ਹੋਇਆ। ਆਪ ਨੇ ਮੁਢਲੀ ਵਿਦਿਆ ਤਰਨ ਤਾਰਨ ਸਾਹਿਬ ਦੇ ਮੁਨਾਰੇ ਵਾਲੇ ਸਕੂਲ ਤੋਂ ਹਾਸਲ ਕੀਤੀ ਅਤੇ ਫਿਰ ਗੌਰਮਿੰਟ ਹਾਇਰ ਸਕੈਂਡਰੀ ਸਕੂਲ ਤਰਨ ਤਾਰਨ ਸਾਹਿਬ ਵਿਚ ਦਾਖਲ ਹੋ ਗਏ। ਬਚਪਨ ਤੋਂ ਹੀ ਪ੍ਰਮਾਰਥ ਵਲ ਰੁਚੀ ਵਧੇਰੇ ਸੀ, ਜਿਸ ਕਰਕੇ ਸਤਵੀਂ ਜਮਾਤ ਤਕ ਮਸੇ ਪੜ੍ਹਾਈ ਕੀਤੀ। ਪੜ੍ਹਾਈ ਵਿਚੇ ਛਡ ਦਿਤੀ ਅਤੇ ਭਜਨ ਬੰਦਗੀ ਵਲ ਸਾਰੀ ਰੁਚੀ ਲਾ ਦਿਤੀ।

ਪੰਜਾਬੀ ਸੂਬੇ ਦੇ ੧੯੬੦ ਦੇ ਮੋਰਚੇ ਵਿਚ ਆਪ ਨੇ ਪੰਜ ਮਹੀਨੇ ਜੇਲ੍ਹ ਕਟੀ। ਰਿਹਾਈ ਪਿਛੋਂ ਆਪ ਕਾਨਪੁਰ ਵਿਚ ਆਪਣੀ ਵਡੀ ਭੈਣ ਪਾਸ ਚਲੇ ਗਏ ਅਤੇ ਉਥੇ ਆਪਣੇ ਭਣਵਈਏ ਪਾਸੋਂ ਮੋਟਰ-ਡਰਾਇਵਰੀ ਸਿਖ ਕੇ ਉਥੇ ਹੀ ਸਰਵਿਸ ਕਰ ਲਈ।



www.AKJ.Org

੧੯੬੫ ਦੀ ਲੜਾਈ ਦੇ ਸਮੇਂ ਆਪ ਨੇ "ਸਰਵੇ ਆਫ ਇੰਡੀਆ" ਵਿਚ ਨੌਕਰੀ ਕਰ ਲਈ। ਇਸ ਸਮੇਂ ਵਿਚ ਹੀ ਆਪ ਦਾ ਅਨੰਦ ਕਾਰਜ ਹਰੀ ਕੇ ਪਤਣ ਲਾਗੇ ਮੁਰਹਾਣੇ ਵਿਖੇ ਬੀਬੀ ਮਹਿੰਦਰ ਕੌਰ ਨਾਲ ਹੋ ਗਿਆ।

ਪਰ ਧਾਰਮਕ ਰੁਚੀ ਹੋਣ ਕਰਕੇ ਬਿਡਾਣੀ ਚਾਕਰੀ ਵਿਚ ਆਪ ਦਾ ਦਿਲ ਨਾ ਲਗਾ ਅਤੇ ਨੌਕਰੀ ਛਡ ਕੇ ਮੁੜ ਕਾਨਪੁਰ ਵਿਚ ਆ ਗਏ। ਇਥੇ ਗੁਰੂ ਦੀ ਸੇਵਾ ਹੀ ਆਪਣਾ ਮੁਖ ਨਿਸ਼ਾਨਾ ਬਣਾ ਲਿਆ। ਗੁਰਬਾਣੀ ਤੇ ਗੁਰ ਇਤਿਹਾਸ ਦੀ ਖੋਜ ਅਤੇ ਸ੍ਰੀ ਗੁਰੂ ਗ੍ਰੰਥ ਦੀ ਵਿਚਾਰ ਵਿਚ ਆਪਣੀ ਜ਼ਿੰਦਗੀ ਬਿਤਾਣ ਲਗ ਪਏ। ਇਸ ਧਾਰਮਕ ਜ਼ਿੰਦਗੀ ਦਾ ਪ੍ਰਭਾਵ ਆਲੇ ਦੁਆਲੇ ਦੀਆਂ ਸੰਗਤਾਂ ਤੇ ਵੀ ਬੜਾ ਡੂੰਘਾ ਪੈਣ ਲਗ ਪਿਆ ਅਤੇ ਆਪ ਦੇ ਗ੍ਰਿਹ ਗੋਬਿੰਦ ਨਗਰ ਵਿਖੇ ਸਿਖ ਸਗਤਾਂ ਦੀ ਆਵਾ-ਜਾਈ ਬਣੀ ਹੀ ਰਹਿੰਦੀ ਸੀ।

ਗੁਰਪੁਰਬਾਂ ਅਤੇ ਹੋਰ ਤਿਉਹਾਰਾਂ ਸਮੇਂ ਸਿਖ ਸੰਗਤਾਂ ਨਾਲ ਰਲ ਕੇ ਆਪ ਉਨ੍ਹਾਂ ਸਮਾਗਮਾਂ ਨੂੰ ਬੜੇ ਰੰਗਾਂ ਵਿਚ ਮਨਾਉਂਦੇ ਅਤੇ ਸਿਖ ਸੰਗਤਾਂ ਆਪ ਦੇ ਮੁਖੋਂ ਗੁਰਬਾਣੀ ਦੇ ਅੰਮ੍ਰਿਤ ਬਚਨ ਸੁਣ ਕੇ ਅਨੰਦਤ ਹੁੰਦੀਆਂ ਸਨ। ਆਪ ਦੇ ਡੇਰੇ ਤੇ ਸ੍ਰੀ ਅਖੰਡਪਾਠਾਂ ਦਾ ਪਰਵਾਹ ਅਤੇ ਲੰਗਰ ਚਲਦਾ ਹੀ ਰਹਿੰਦਾ ਸੀ। ਜਿਥੇ ਆਪ ਗੁਰਬਾਣੀ ਦੀ ਬੜੀ ਮਿਠੀ ਵਿਆਖਿਆ ਕਰਦੇ ਸਨ ਉਥੇ ਗੁਰਬਾਣੀ ਦੇ ਕੀਰਤਨ ਕਰਨ ਸੁਣਨ ਦੇ ਵੀ ਰਸਕ ਬੈਰਾਗੀ ਸਨ।

ਅੰਮ੍ਰਿਤਸਰ ਚਾਰ ਸੌ ਸਾਲਾ ਦਿਵਸ ਸਮੇਂ ਆਪ ਨੇ ਸਿਖ ਸੰਗਤਾਂ ਨੂੰ ਬੜਾ ਉਤਸ਼ਾਹ ਦਿਵਾਇਆ ਅਤੇ ਭਾਰੀ ਗਿਣਤੀ ਵਿਚ ਸਿਖ ਸੰਗਤਾਂ ਨੂੰ ਪ੍ਰੇਰ ਕੇ ਗਡੀਆਂ ਰਾਹੀਂ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਕਰਵਾਂਦੇ ਹੋਏ ਸ੍ਰੀ ਅੰਮ੍ਰਿਤਸਰ ਜੀ ਲਿਆਏ ਸਨ। ਇਸ ਸਮੇਂ ਰਸਤੇ ਵਿਚ ਸਿਖ ਸੰਗਤਾਂ ਨਾਲ ਕੀਰਤਨ ਦੀਆਂ ਗੂੰਜਾਂ ਪਾਉਂਦੇ ਹੋਏ ਗੁਰੂ-ਚਰਨਾਂ ਵਿਚ ਆ ਕੇ ਮਸਤਕ ਨਿਵਾਏ ਸਨ।

ਹੁਣ ਨਕਲੀ ਨਿਰੰਕਾਰੀ ਭਵਨ ਵਲ ਜਲੂਸ ਵਿਚ ਆਪ ਨੇ ਬੜੇ ਉਤਸ਼ਾਹ ਨਾਲ ਹਿੱਸਾ ਪਾਇਆ। ਦਸਿਆ ਜਾਂਦਾ ਹੈ ਕਿ ਆਪ ਨੂੰ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਦੀ ਪਹਿਲੀ ਗੋਲੀ ਪੱਟ ਵਿਚ ਲਗੀ। ਆਪ ਨੂੰ ਕੁਲ ਛੇ ਗੋਲੀਆਂ ਲਗੀਆਂ, ਜਿਨ੍ਹਾਂ ਵਿਚੋਂ ਚਾਰ ਛਾਤੀ ਵਿਚ ਅਤੇ ਦੋ ਪਟ ਵਿਚ ਲਗੀਆਂ। ਇਸ ਤਰ੍ਹਾਂ ਉਹ ਸਨਮੁਖ ਗੋਲੀਆਂ ਖਾ ਕੇ ਗੁਰੂ ਪਾਤਸ਼ਾਹ ਦੇ ਸਤਿਕਾਰ ਨੂੰ ਕਾਇਮ ਰਖਣ ਖ਼ਾਤਰ ਆਪਣੇ ਸਰੀਰ ਦੀ ਅਹੂਤੀ ਦੇ ਗਏ ਅਤੇ ਕੌਮ ਨੂੰ ਸੁਰਜੀਤ ਕਰਨ ਲਈ ਆਪਣੀ ਸ਼ਹੀਦੀ ਦਾ ਟੀਕਾ ਲਾ ਗਏ।

ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤਿ ਗੁਰਪੁਰਬ ਮਨਾਉਣ ਲਈ ਘਰੋਂ ਗੁਰਦਵਾਰਾ ਸਾਹਿਬ ਵਲ ਜਦ ਚਲੇ ਸਨ ਤਾਂ ਪਰਵਾਰ ਨੂੰ ਕਹਿ ਗਏ ਕਿ ਤੁਸਾਂ ਸਭ ਨੇ ਪਰਸ਼ਾਦ ਛਕ ਲੈਣਾ। ਪਰ ਆਪ ਸ਼ਹੀਦੀ ਦਾ ਪਰਸ਼ਾਦ ਛਕ ਕੇ ਲੋਕ ਸੁਖੀਏ ਪਰਲੋਕ ਸੁਹੇਲੇ ਕਰ ਗਏ।

ਆਪ ਜੀ ਆਪਣੇ ਪਿਛੇ ਵਿਧਵਾ ਧਰਮ ਪਤਨੀ ਅਤੇ ਚਾਰ ਬੱਚੀਆਂ ੯, ੭, ੫ ਤੇ ੩ ਸਾਲ ਦੀਆਂ ਛਡ ਗਏ ਹਨ।

ਆਪ ਬੜੇ ਨੇਕ ਤੇ ਸ਼ੁਭ ਵਿਚਾਰਾਂ ਦੇ ਪਰ-ਉਪਕਾਰੀ ਜੀਉੜੇ, ਅਤੇ ਦੁਖੀਆਂ ਤੇ ਭਟਕਦੀਆਂ ਜਿੰਦੜੀਆਂ ਦੇ ਦੁਖ ਵੰਡਾਉਣ ਵਾਲੇ ਸਨ ਅਤੇ ਸਤਸੰਗ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ ਉਨ੍ਹਾਂ ਦੇ ਸਹਾਈ ਹੁੰਦੇ ਸਨ। ਆਪ ਬੜੇ ਨਿਡਰ ਤੇ ਦਲੇਰ ਸਨ ਅਤੇ ਮਾਲੀ ਹਾਲਤ ਪਤਲੀ ਹੋਣ ਦੇ ਬਾਵਜੂਦ ਵੀ ਸਦਾ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਸਨ।

## ਸ਼ਹੀਦ ਸਰਦਾਰਨੀ ਦਰਸ਼ਨ ਕੌਰ ਜੀ

ਸਰਦਾਰਨੀ ਦਰਸ਼ਨ ਕੌਰ ਦੇ ਪਤੀ ਸ: ਹਰਨਾਮ ਸਿੰਘ ਜੀ ਬੜੇ ਹੀ ਜੋਸ਼ੀਲੇ ਤੇ ਹਿੰਮਤ ਵਾਲੇ ਸਜਣ ਹਨ। ਬੀਬੀ ਜੀ ਵੀ ਬੜੇ ਦਲੇਰ, ਬਹਾਦਰ ਅਤੇ ਪੰਥਕ ਕੰਮਾਂ ਵਿਚ ਭਾਰੀ ਉਤਸ਼ਾਹ ਰਖਦੇ ਸਨ। ਆਪ ਜੀ ਦੇ ਪਿਤਾ ਦਾ ਨਾਂ ਸ: ਪਰਤਾਪ ਸਿੰਘ ਜੀ


www.AKJ.Org

ਅਤੇ ਬੀਬੀ ਜੀ ਦੇ ਸਹੁਰੇ ਪਾਕਿਸਤਾਨ ਦੇ ਪਿੰਡ ਰਾਜੜ, ਤਸੀਲ ਫ਼ਤਹਜੰਗ ਜ਼ਿਲਾ ਕੈਂਬਲਪੁਰ ਵਿਚ ਸਨ। ਬੀਬੀ ਜੀ ਦਾ ਅਨੰਦ ਕਾਰਜ ੧੯੪੭ ਵਿਚ ਹੋਇਆ ਸੀ।

ਬੀਬੀ ਜੀ ਦਾ ਗੁਰੂ ਘਰ ਨਾਲ ਅਥਾਹ ਪ੍ਰੇਮ-ਪਿਆਰ ਸੀ ਅਤੇ ਘਰ ਵਿਚ ਸਦਾ ਹੀ ਆਏ ਗਏ ਗੁਰਸਿਖਾਂ ਦੀ ਸੇਵਾ ਦਾ ਪਰਵਾਹ ਚਲਦਾ ਹੀ ਰਹਿੰਦਾ ਸੀ। ਆਏ ਗਏ ਸਜਣ ਬੀਬੀ ਜੀ ਦੀ ਨਿਰਮਾਣ ਸੇਵਾ ਤੋਂ ਬੜੇ ਹੀ ਪ੍ਰਭਾਵਤ ਹੋ ਕੇ ਜਾਂਦੇ ਸਨ। ਬੀਬੀ ਜੀ ਦੇ ਦਿਲ ਵਿਚ ਗੁਰਬਾਣੀ ਤੇ ਗੁਰ ਚਰਨਾਂ ਦੀ ਇਤਨੀ ਪ੍ਰੀਤੀ ਸੀ ਕਿ ਆਪਣਾ ਨਿਤਨੇਮ ਪੂਰਾ ਕੀਤੇ ਬਿਨਾਂ ਅੰਨ ਜਲ ਮੂੰਹ ਨਹੀਂ ਸੀ ਪਾਂਦੇ।

੧੯੬੦ ਦੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਆਪ ਨੇ ਤਿੰਨ ਸਾਲ ਦੀ ਬੱਚੀ ਗੋਦੀ ਵਿਚ ਲੈਕੇ ਗ੍ਰਿਫ਼ਤਾਰੀ ਦਿਤੀ ਅਤੇ ਛੇ ਮਹੀਨੇ ਦੀ ਜੇਲ੍ਹ ਯਾਤਰਾ ਕੀਤੀ।

ਕਾਨਪੁਰ ਦੇ ਇਸ ਖ਼ੂਨੀ ਕਾਂਡ ਵੇਲੇ ਵੀ ਬੀਬੀ ਜੀ ਰੋਸ-ਜਲੂਸ ਦਾ ਬੜੇ ਉਤਸ਼ਾਹ ਤੇ ਦਲੇਰੀ ਨਾਲ ਸਾਥ ਦੇ ਰਹੇ ਸਨ। ਆਪ ਜੀ ਨੂੰ ਜ਼ਾਲਮਾਂ ਦੀਆਂ ਤਿੰਨ ਗੋਲੀਆਂ ਲਗੀਆਂ— ਇਕ ਛਾਤੀ ਵਿਚ ਤੇ ਦੋ ਲਤਾਂ ਵਿਚ, ਪਰ ਉਨ੍ਹਾਂ ਦਾ ਕਦਮ ਰਤਾ ਵੀ ਪਿਛੇ ਨਾ ਹਟਿਆ। ਆਪ ਆਪਣੀ ਇਸ ਪੰਜਾਹ ਸਾਲ ਦੀ ਆਯੂ ਵਿਚ ਸ਼ਹੀਦੀ ਪਾ ਕੇ ਕੌਮ ਨੂੰ ਹਲੂਣ ਗਏ ਹਨ। ਆਪ ਦੇ ਦੋ ਲੜਕੇ ਤੇ ਦੋ ਲੜਕੀਆਂ ਹਨ, ਜਿਨ੍ਹਾਂ ਵਿਚੋਂ ਇਕ ਲੜਕੀ ਤੇ ਇਕ ਲੜਕਾ ਅਜੇ ਵਿਆਹੁਣ ਜੋਗੇ ਹਨ।

## ਸ਼ਹੀਦ ਭਾਈ ਮਨਮੋਹਨ ਸਿੰਘ ਜੀ

ਸ਼ਹੀਦ ਭਾਈ ਮਨਮੋਹਨ ਸਿੰਘ ਜੀ ੨੯ ਸਾਲ ਦੇ ਹੋਣਹਾਰ ਨੌਜੁਆਨ ਸਨ। ਆਪ ਦੇ ਪਿਤਾ ਸ: ਚਰਨ ਸਿੰਘ ਜੀ ਪਿਛੋਂ ਪਾਕਿਸਤਾਨ ਦੇ ਪਿੰਡ ਫਿਰੂਕਾ ਜ਼ਿਲਾ ਸਰਗੋਧਾ ਦੇ ਰਹਿਣ ਵਾਲੇ ਸਨ ਅਤੇ ਹੁਣ ਕਾਨਪੁਰ ਵਿਚ ਕਪੜੇ ਦੇ ਬੜੇ ਉਘੇ ਵਪਾਰੀ ਹਨ। ਆਪ ਦਾ ਸਾਰਾ ਪਰਵਾਰ ਬੜਾ ਹੀ ਮਿਲਣਸਾਰ ਅਤੇ ਗੁਰੂ ਘਰ ਤੇ ਅਨਿੰਨ ਸ਼ਰਧਾ ਰਖਣ ਵਾਲਾ ਹੈ। ਸ਼ਹੀਦ ਦੇ ਦਾਦਾ ਭਾਈ ਸੁੰਦਰ ਸਿੰਘ ਜੀ ਨੇ ਅੰਗਰੇਜ਼ੀ ਰਾਜ ਵੇਲੇ ਕਿਰਪਾਨ ਦੇ ਮੋਰਚੇ ਵਿਚ ਹਿਸਾ ਪਾਇਆ ਸੀ ਅਤੇ ਫਿਰ ਗੁਰੂ ਕੇ ਬਾਗ ਦੇ ਮੋਰਚੇ ਵੇਲੇ ਵੀ ਆਪਣੇ ਸਰੀਰ ਤੇ ਪੁਲਸ ਦੀਆਂ ਡਾਂਗਾਂ ਦੇ ਵਾਰ ਸਹੇ ਸਨ।

ਸ਼ਹੀਦ ਦਾ ਵਿਆਹ ਪੰਜ ਸਾਲ ਪਹਿਲਾਂ ਸ: ਬਹਾਦਰ ਸਿੰਘ ਜੀ ਬਜਾਜ ਦੀ ਸਪੁਤਰੀ ਜਸਬੀਰ ਕੌਰ ਨਾਲ ਹੋਇਆ ਸੀ। ਸ਼ਹੀਦ ਦਾ ਇਕ ਬੱਚਾ ਸਾਢੇ ਤਿੰਨ ਕੁ ਸਾਲ ਦਾ ਹੈ। ਆਪ ਦੇ ਪਿਤਾ ਸਦਾ ਲੁਕ ਛਿਪ ਕੇ ਗੁਰੂ ਘਰ ਦੀ ਸੇਵਾ ਕਰਦੇ ਹਨ ਅਤੇ ਆਪਣੇ ਆਪ ਨੂੰ ਜਣਾਉਣ ਤੋਂ ਸਦਾ ਸੰਕੋਚ ਕਰਦੇ ਹਨ।

ਕਾਨਪੁਰ ਦੇ ਇਸ ਸ਼ਹੀਦੀ ਸਾਕੇ ਵਿਚ ਭਾਈ ਮਨਮੋਹਨ ਸਿੰਘ ਜੀ ਵੀ ਰੋਸ-ਜਲੂਸ ਵਿਚ ਸ਼ਾਮਲ ਸਨ। ਗੋਲੀ-ਕਾਂਡ ਵਰਤਣ ਸਮੇਂ ੧੦ ਕੁ ਵਜੇ ਸਭ ਸਿਖ-ਸੰਗਤਾਂ ਖਿੰਡ ਪੁੰਡ ਗਈਆਂ ਸਨ ਅਤੇ ਆਪ ਵੀ ਅਗੇ ਪਿਛੇ ਹੋ ਗਏ ਸਨ। ਭਾਈ ਮਨਮੋਹਨ ਸਿੰਘ ਜੀ ਸਾਢੇ ਬਾਰ੍ਹਾਂ ਕੁ ਵਜੇ ਆਪਣਾ ਸਕੂਟਰ ਲੈਣ ਲਈ ਉਸ ਅਸਥਾਨ ਤੇ ਗਏ ਤਾਂ ਪੁਲਸ ਨੇ ਇਕ ਗੋਲੀ ਪਿਠ ਵਿਚ, ਇਕ ਦਿਮਾਗ ਵਿਚ ਤੇ ਇਕ ਛਾਤੀ ਵਿਚ ਮਾਰ ਕੇ ਸ਼ਹੀਦ ਕਰ ਦਿਤਾ।

## ਸ਼ਹੀਦ ਭਾਈ ਹਰਚਰਨ ਸਿੰਘ ਜੀ

ਭਾਈ ਹਰਚਰਨ ਸਿੰਘ ਜੀ ੨੮ ਸਾਲਾਂ ਦਾ ਗਭਰੂ ਸੀ, ਜੋ ਬੜਾ ਹੀ ਦਲੇਰ ਤੇ ਗਰੀਬ-ਪਰਵਰ ਸੀ। ਸ਼ਹੀਦ ਦਾ ਜਨਮ ਡੇਹਰਾਦੂਨ ਵਿਖੇ ਹੋਇਆ। ਪਰ ਆਪ ਦੇ ਬਜ਼ੁਰਗ ਪਾਕਿਸਤਾਨ ਦੇ ਪਿੰਡ ਆਇਸਾਵਰਾਂ, ਡਾਕਖਾਨਾ ਮੈਰਾ ਜ਼ਿਲਾ ਜੇਹਲਮ ਦੇ ਰਹਿਣ ਵਾਲੇ ਸਨ। ਆਪ ਦੇ ਪਿਤਾ ਸ: ਬਲਵੰਤ ਸਿੰਘ ਜੀ ਟ੍ਰਾਂਸਪੋਰਟ ਦਾ ਬਿਜ਼ਨਸ ਕਰਦੇ ਹਨ। ਆਪ ਦੇ ਦਾਦਾ ਸ: ਹਜ਼ੂਰਾ ਸਿੰਘ ਜੀ ਆਪਣੇ ਇਲਾਕੇ ਦੇ ਉਘੇ ਜ਼ਿਮੀਦਾਰ ਸਨ, ਪਰ ਇਸ ਦੇ ਬਾਵਜੂਦ ਵੀ ਉਹ ਗੁਰਦਵਾਰਾ ਸੁਧਾਰ ਲਹਿਰ ਵਿਚ ਸ਼ਾਮਲ ਹੋ ਕੇ ਕੁਰਬਾਨੀਆਂ ਕਰਦੇ ਰਹੇ।



www.AKJ.Org

ਆਪ ਦੇ ਘਰਾਣੇ ਨੂੰ ਗੁਰੂ ਘਰ ਵਿਚ ਅਪਾਰ ਸ਼ਰਧਾ ਸੀ ਅਤੇ ਉਹ ਸਾਰੇ ਹੀ ਸੰਤ-ਸੇਵੀ ਸਨ।

ਭਾਈ ਹਰਚਰਨ ਸਿੰਘ ਜੀ ਬੀ. ਏ. ਪਾਸ ਕਰਨ ਪਿਛੋਂ ਆਪਣੇ ਪਿਤਾ ਜੀ ਨਾਲ ਟ੍ਰਾਂਸਪੋਰਟ ਦੇ ਬਿਜ਼ਨਸ ਵਿਚ ਪੂਰੀ ਤਰ੍ਹਾਂ ਜੁਟ ਗਏ, ਪਰ ਆਪਣੇ ਨਾਂ ਦੀ ਪ੍ਰਸਿਧੀ ਕਦੇ ਨਹੀਂ ਚਾਹੁੰਦੇ ਸਨ ਅਤੇ ਸਦਾ ਨਿਮਾਣ ਹੋ ਕੇ ਗੁਰੂ ਘਰ ਦੀ ਤੇ ਦੀਨਾਂ ਦੁਖੀਆ ਦੀ ਸੇਵਾ ਕਰਦੇ ਸਨ। ਟ੍ਰਾਂਸਪੋਰਟ ਦਾ ਕਾਰੋਬਾਰ ਕਾਫ਼ੀ ਜ਼ਿਆਦਾ ਸੀ ਅਤੇ ਬਿਨਾਂ ਲਿਖਾ-ਪੜ੍ਹੀ ਦੇ, ਹਜ਼ਾਰਾਂ ਰੁਪਏ ਦੇ ਦਿੰਦੇ ਸਨ। ਜੇ ਕੋਈ ਪੁਛੇ ਤਾਂ ਹੱਸ ਕੇ ਕਹਿ ਦਿੰਦੇ ਕਿ ਮੈਨੂੰ ਵੀ ਤਾਂ ਦੇਣ ਵਾਲਾ ਬੇਹਿਸਾਬਾ ਹੀ ਦੇਈ ਜਾਂਦਾ ਹੈ।

ਆਪ ਆਪਣੇ ਪਿਛੇ ਵਿਧਵਾ ਪਤਨੀ ਹਰਵਿੰਦਰ ਕੌਰ ਅਤੇ ਦੋ ਮਾਸੂਮ ਬੱਚੀਆਂ ਤਿੰਨ ਸਾਲ ਤੇ ਦੋ ਸਾਲ ਦੀਆਂ ਛੱਡ ਗਏ ਹਨ, ਤੀਜਾ ਬੱਚਾ ਹੋਣ ਵਾਲਾ ਹੈ। ਆਪ ਦੇ ਦੋ ਵਡੇ ਭਰਾ ਤੇ ਚਾਰ ਭੈਣਾਂ ਹਨ।

ਉਹ ਕਹਿੰਦੇ ਹੁੰਦੇ ਸਨ ਕਿ ਮੈਂ ਕੁੱਤੇ ਦੀ ਮੌਤੇ ਨਹੀਂ ਮਰਾਂਗਾ ਸਗੋਂ ਸ਼ੇਰਾਂ ਵਾਂਗ ਜੂਝਾਂਗਾ। ਇਸ ਖੂਨੀ ਸਾਕੇ ਸਮੇਂ ਆਪਣੀ ਕਾਰ ਛੱਡ ਕੇ ਟਰੱਕ ਲੈ ਕੇ ਅਧਰਮੀਆਂ ਨੂੰ ਸੁਮੱਤ ਦੇਣ ਲਈ ਅਰਦਾਸਾ ਸੋਧ ਕੇ ਗਏ ਸਨ ਅਤੇ ਉਥੇ ਹੀ ਜ਼ਾਲਮਾਂ ਦੀਆਂ ਗੋਲੀਆਂ ਨਾਲ ਸ਼ਹੀਦੀ ਪਾ ਗਏ।

## ਸ਼ਹੀਦ ਭਾਈ ਗੁਰਜੀਤ ਸਿੰਘ ਜੀ

ਇਸ ਵੀਹ ਸਾਲਾਂ ਦੇ ਹੋਣਹਾਰ ਨੌਜਵਾਨ ਦਾ ਜਨਮ ਕਾਨਪੁਰ ਦਾ ਹੈ। ਸਿਖੀ ਜਜ਼ਬੇ ਨਾਲ ਲਬਾ ਲਬ ਭਰਿਆ ਪਿਆ ਸੀ। ਇਹ ਡੀ. ਏ. ਵੀ. ਕਾਲਜ ਕਾਨਪੁਰ ਵਿਚ ਬੀ. ਏ. ਵਿਚ ਪੜ੍ਹਦਾ ਸੀ। ਕਾਲਜ ਦਾ ਹੋਣਹਾਰ ਵਿਦਿਆਰਥੀ ਸੀ ਅਤੇ ਐਨ. ਸੀ. ਸੀ. ਦਾ ਚੈਂਪੀਅਨ ਸੀ। ਉਸ ਨੇ ਝਾਂਸੀ ਅਤੇ ਹੋਰ ਕੈਂਪਾਂ ਵਿਚ ਉੱਚ ਅਸਥਾਨ ਪ੍ਰਾਪਤ ਕੀਤਾ ਸੀ।

ਸ਼ਹੀਦ ਦੇ ਪਿਤਾ ਸ: ਜੋਗਿੰਦਰ ਸਿੰਘ ਜੀ ਪਾਕਿਸਤਾਨ ਦੇ ਪਿੰਡ ਵਾਸੂ, ਤਸੀਲ ਫਾਲੀਆਂ ਜ਼ਿਲਾ ਗੁਜਰਾਤ ਤੋਂ ਆ ਕੇ ਕਾਨਪੁਰ ਵਸੇ ਸਨ। ਇਸ ਵਾਸੂ ਪਿੰਡ ਦੇ ਵਾਸੀ ਪੰਥਕ ਜਜ਼ਬੇ ਕਰਕੇ ਬੜੇ ਉਘੇ ਹਨ। ਆਪ ਦੇ ਪਰਵਾਰ ਦੇ ਭਾਈ ਅਮਰ ਸਿੰਘ ਜੀ ਵਾਸੂ ਮਾਸਟਰ ਤਾਰਾ ਸਿੰਘ ਜੀ ਦੇ ਸਾਥੀ ਤੇ ਹਮ ਜਮਾਤੀ ਸਨ ਅਤੇ ਉਨ੍ਹਾਂ ਨੇ ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚਿਆਂ ਵਿਚ ਸਰਗਰਮ ਹਿਸਾ ਲਿਆ ਸੀ। ਸ: ਰਘਬੀਰ ਸਿੰਘ ਜੀ ਵਾਸੂ ਯੂ. ਪੀ. ਸਿਖ ਪ੍ਰਤੀਨਿਧ ਬੋਰਡ ਦੇ ਪ੍ਰਧਾਨ ਰਹੇ ਅਤੇ ਸ: ਜੋਗਿੰਦਰ ਸਿੰਘ ਜੀ ਵਾਸੂ ਨੇ ਵੀ ਸਰਕਾਰ ਦੇ ਉਚ ਸਥਾਨਾਂ ਤੇ ਸੇਵਾ ਕਰਦਿਆਂ ਪੰਥ ਪ੍ਰਤੀ ਆਪਣੇ ਫਰਜ਼ ਨਿਭਾਏ।

ਸ਼ਹੀਦ ਦੇ ਪਿਤਾ ਸ: ਜੋਗਿੰਦਰ ਸਿੰਘ ਵਾਸੂ ਕਾਨਪੁਰ ਦੀਆਂ ਉਘੀਆਂ ਵਿਅਕਤੀਆਂ ਵਿਚੋਂ ਹਨ। ਉਹ ਕਾਨਪੁਰ ਵਿਚ ਡੀਂਫੈਸ ਸਰਵਿਸ ਵਿਚ ਜੇ. ਸੀ. ਓ. ਡੀ. ਹਨ।

ਜਦੋਂ ਨਕਲੀ ਨਿਰੰਕਾਰੀਆਂ ਵਿਰੁਧ ਪ੍ਰੋਟੈਸਟ ਜਲੂਸ, ਉਨ੍ਹਾਂ ਦੇ ਕੁਸੰਗ ਭਵਨ ਵਲ ਗਿਆ ਤਾਂ ਸ਼ਹੀਦ ਗੁਰਜੀਤ ਸਿੰਘ ਆਪਣੇ ਸਾਥੀਆਂ ਸਮੇਤ ਸਭ ਤੋਂ ਅਗੇ ਸੀ ਅਤੇ ਜਦੋਂ ਜਲੂਸ ਵਿਚ ਗੋਲੀ ਚਲੀ ਤਾਂ ਕਹਿਣ ਲਗੇ ਕਿ ਮੈਂ ਕੋਈ ਕਾਇਰ ਦਾ ਪੁਤਰ ਨਹੀਂ ਕਿ ਪਿਛੇ ਹੋਵਾਂ। ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਪੁਤਰ ਹਾਂ ਅਤੇ ਅਗੇ ਹੋ ਕੇ ਚਲਾਂਗਾ। ਇਸ ਤਰ੍ਹਾਂ ਉਹ ਗੋਲੀਆਂ ਦੀ ਵਾਛੜ ਦਾ ਸ਼ਿਕਾਰ ਹੋ ਗਿਆ। ਜਰਵਾਣਿਆਂ ਦੀਆਂ ਗੋਲੀਆਂ ਨਾਲ ਉਸ ਦਾ ਸਰੀਰ ਛਾਨਣੀ ਛਾਨਣੀ ਹੋ ਗਿਆ। ਪੋਸਟ ਮਾਰਟਮ ਰੀਪੋਰਟ ਅਨੁਸਾਰ ਇਕ ਗੋਲੀ ਸਿਰ ਵਿਚ, ਇਕ ਪੁੜਪੁੜੀ ਵਿਚ ਵੱਖੀ ਵਿਚ, ਦੋਵੇਂ ਪਾਸੇ, ਲੱਤਾਂ ਵਿਚ ਦੋਵੇਂ ਪਾਸੇ, ਇਕ ਛਾਤੀ ਵਿਚ ਅਤੇ ਇਕ ਗੋਲੀ ਠੋਡੀ ਵਿਚ ਲਗੀ।

ਸਹੀਦ ਦਾ ਇਕ ਵਡਾ ਭਾਈ ਪੰਜਾਬ ਐਂਡ ਸਿੰਧ ਬੈਂਕ ਸੂਰਤ ਵਿਚ ਕੰਮ ਕਰਦਾ ਹੈ ਤੇ ਦੂਜਾ ਭਾਈ ਗਰੀਨ ਰੋਡਵੇਜ਼ ਕਾਨਪੁਨ ਵਿਚ। ਭੈਣ ਚਰਨਜੀਤ ਕੌਰ ਦੀ ਸ਼ਾਦੀ ਦੋ ਅਕਤੂਬਰ ਨੂੰ ਹੋਣ ਵਾਲੀ ਸੀ ਕਿ ਉਸ ਤੋਂ ਪਹਿਲਾਂ ਹੀ ਇਹ ਨਿਕੜਾ



www.AKJ.Org

ਵੀਰ ਮੌਤ ਲਾੜੀ ਨੂੰ ਪ੍ਣਾ ਕੇ ਸ਼ਹੀਦੀ ਪ੍ਰਾਪਤ ਕਰ ਗਿਆ।

## ਸ਼ਹੀਦ ਕਾਕਾ ਬਲਵੰਤ ਸਿੰਘ ਜੀ

ਕਾਨਪੁਰ ਦੇ ਸ਼ਹੀਦਾਂ ਵਿਚੋਂ ਸਭ ਤੋਂ ਛੋਟੀ ਉਮਰ ਵਾਲਾ ੧੫ ਸਾਲਾਂ ਦਾ ਇਹ ਬੱਚਾ ਹੈ। ਇਸ ਬੱਚੇ ਦਾ ਜਨਮ ਕਾਨਪੁਰ ਵਿਚ ਹੀ ਹੋਇਆ ਸੀ। ਆਪ ਦੇ ਪਿਤਾ ਸ: ਮਹਾਂ ਸਿੰਘ ਜੀ ਪਾਕਿ-ਸਤਾਨ ਦੇ ਪਿੰਡ ਖੋੜੀਆਂ ਜ਼ਿਲਾ ਗੁਜਰਾਤ ਦੇ ਰਹਿਣ ਵਾਲੇ ਸਨ। ਇਹ ਬੱਚਾ ਅਜੇ ਕੇਵਲ ਪੰਜ ਮਹੀਨਿਆਂ ਦਾ ਹੀ ਸੀ ਕਿ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਸ਼ਹੀਦ ਦੀ ਇਕ ਭੈਣ ਤੇ ਤਿੰਨ ਭਰਾ ਹਨ। ਆਪ ਦੀ ਮਾਤਾ ਸੁਮਿਤ੍ਰਾ ਕੌਰ ਨੇ ਲੋਕਾਂ ਦੇ ਘਰਾਂ ਵਿਚ ਕੰਮ ਕਰ ਕੇ ਸਾਰੇ ਪਰਵਾਰ ਨੂੰ ਬੜੀ ਮਿਹਨਤ ਨਾਲ ਪਾਲਿਆ। ਇਸ ਹੋਣਹਾਰ ਬੱਚੇ ਨੇ ਗੁਰੂ ਨਾਨਕ ਸਕੂਲ ਕਾਨਪੁਰ ਵਿਚ ਮੁਢਲੀ ਵਿਦਿਆ ਪ੍ਰਾਪਤ ਕਰ ਕੇ ਅਠਵੀਂ ਦਾ ਇਮਤਿਹਾਨ ਪਾਸ ਕੀਤਾ। ਹੁਣ ਇਹ ਰੇੜ੍ਹੀ ਤੇ ਛੋਟਾ ਮੋਟਾ ਸਮਾਨ ਲਾ ਕੇ ਆਪਣਾ ਤੇ ਪ੍ਰਵਾਰ ਦਾ ਗੁਜ਼ਾਰਾ ਤੋਰਦੇ ਸਨ।

ਆਪ ਦੇ ਪਰਵਾਰ ਦਾ ਗੁਰੂ ਘਰ ਨਾਲ ਬੜਾ ਪਿਆਰ ਸੀ। ਆਪ ਦੇ ਦਾਦਾ ਸ: ਗਿਆਨ ਸਿੰਘ ਜੀ ਜਦ ਗੁਰਦੁਆਰਾ ਸੁਧਾਰ ਲਹਿਰ ਵਿਚ ਫੜੇ ਗਏ ਤੇ ਆਪ ਨੂੰ ਹਥਕੜੀ ਲਾਈ ਗਈ ਤਾਂ ਉਨ੍ਹਾਂ ਨੇ ਇਕੋ ਝਟਕੇ ਨਾਲ ਹਥਕੜੀ ਤੋੜ ਦਿਤੀ। ਸ਼ਹੀਦ ਦੇ ਪੜਦਾਦਾ ਸ: ਸੁਖਾ ਸਿੰਘ ਜੀ ਨੇ ਵੀ ਗੁਰੂ ਕੇ ਬਾਗ ਦੇ ਮੋਰਚੇ ਵਿਚ ਹਿੱਸਾ ਪਾਇਆ ਸੀ।

ਸ਼ਹੀਦ ਦੀ ਮਾਤਾ ਸੁਮਿਤ੍ਰਾ ਕੌਰ ਬੜੀ ਉਤਸ਼ਾਹ ਵਾਲੀ ਬੀਬੀ ਹੈ ਅਤੇ ਇਹ ਹੋਣਹਾਰ ਬਾਲਕ ਆਪਣੀ ਮਾਤਾ ਨੂੰ ਕਹਿੰਦਾ ਹੁੰਦਾ ਸੀ ਕਿ ਮਾਂ ਮੈਨੂੰ ਵੀ ਸੰਤ ਜੀ ਤੋਂ ਥਾਪੜਾ ਦਿਵਾ ਦਿਓ ਕਿ ਮੇਰਾ ਸਰੀਰ ਪੰਥ ਦੇ ਲੇਖੇ ਲਗੇ। ਸ਼ਹੀਦ ਦੇ ਸਰੀਰ ਤੇ ਚਾਰ ਗੋਲੀਆਂ ਲਗੀਆਂ ਅਤੇ ਜਬਾੜਾ ਤਲਵਾਰ ਨਾਲ ਕਟਿਆ ਹੋਇਆ ਸੀ। ਸ਼ਹੀਦ ਦਾ ਵਡਾ ਭਾਈ ਗੁਰਚਰਨ ਸਿੰਘ ਜੀ ਵੀ ਸੱਜੀ ਵੱਖੀ ਵਿਚ ਗੋਲੀ ਲਗਣ ਨਾਲ ਹਸਪਤਾਲ ਵਿਚ ਪਿਆ ਹੈ।

— o —

## ਡੰਮੀ ਗੁਰੂਆਂ ਨੇ ਬੜਾ ਡੰਮ ਹੈ ਖਿਲਾਰਿਆ

(ਸ: ਪਿਆਰਾ ਸਿੰਘ ਜੀ 'ਨਿਰਛਲ' ਅੰਮ੍ਰਿਤਸਰ)

ਸਿਖੀ ਨੂੰ ਬਚਾ ਲਓ ਹੁਣ, ਸਿਖੀ ਦੇ ਪਿਆਰਿਓ।
ਸ੍ਰੀ ਦਸਮੇਸ਼ ਜੀ ਦੇ, ਅਖੀਆਂ ਦੇ ਤਾਰਿਓ।

ਸਿਖੀ ਉਤੇ ਜਿਨ੍ਹਾਂ ਅਜ, ਹਲੇ ਕਰਵਾਏ ਨੇ।
ਕੀਤੇ ਹੋਏ ਅਹਿਸਾਨ ਸਾਰੇ, ਉਨ੍ਹਾਂ ਨੇ ਭੁਲਾਏ ਨੇ।
ਉਨ੍ਹਾਂ ਬੁਰਿਆਂ ਦਾ ਫਿਰ ਵੀ ਬੁੱਰਾ ਨਾ ਚਿਤਾਰਿਓ।
ਸਿਖੀ ਨੂੰ ਬਚਾ ਲਓ ਹੁਣ, ਸਿਖੀ ਦੇ ਪਿਆਰਿਓ।

ਕਈ ਵਾਰ ਸਾਡੇ ਉਤੇ, ਝੁਲੀਆਂ ਹਨੇਰੀਆਂ।
ਸਾਡਿਆਂ ਸਰੀਰਾਂ ਦੀਆਂ ਟੁਕੀਆਂ ਗਨੇਰੀਆਂ।
ਮਿਟਣ ਨਾ ਦਿਤੀ ਸਿਖੀ, ਗੁਰੂ ਕੇ ਦੁਲਾਰਿਓ।
ਸਿਖੀ ਨੂੰ ਬਚਾ ਲਓ ਹੁਣ, ਸਿਖੀ ਦੇ ਪਿਆਰਿਓ।

ਅਜੀਤ ਤੇ ਜੁਝਾਰ ਬਣ, ਨਿਤਰੋ ਮੈਦਾਨ ਵਿਚ।
ਮਾਰ ਦਿਉ ਛਾਲਾਂ ਹੁਣ, ਅੱਗ ਦੇ ਤੂਫਾਨ ਵਿਚ।
ਹੱਸ ਹੱਸ ਚੁੰਮੋ ਫਾਂਸੀ, ਪੀਂਘ ਦੇ ਹੁਲਾਰਿਓ।
ਸਿਖੀ ਨੂੰ ਬਚਾ ਲਉ ਹੁਣ ਸਿਖੀ ਦੇ ਪਿਆਰਿਓ।

ਡੰਮੀ ਗੁਰੂਆਂ ਨੇ ਬੜਾ ਡੰਮ੍ਹ ਹੈ ਖਿਲਾਰਿਆ।
ਚਿਟੇ ਦਿਨ ਗਿਆ ਸਿਖੀ ਅਣਖ ਨੂੰ ਵੰਗਾਰਿਆ।
ਨਿਰਛਲ ਦਾ ਕਿਹਾ ਨਾ ਦਿਲ 'ਚੋਂ ਵਿਸਾਰਿਓ।
ਸਿਖੀ ਨੂੰ ਬਚਾ ਲਉ ਹੁਣ, ਸਿਖੀ ਦੇ ਪਿਆਰਿਓ।



www.AKJ.Org

## ਅਖੰਡ ਕੀਰਤਨੀ ਜੱਥਾ ਯੂ.ਕੇ. ਬਰਮਿੰਘਮ ਵਲੋਂ ਸਿਖ ਲੀਡਰਾਂ ਨੂੰ ਬਿਨੈ

੧੫ ਅਕਤੂਬਰ ੧੯੭੮ ਐਤਵਾਰ ਨੂੰ ਗੁ: ਗੁਰੂ ਨਾਨਕ ਦਰਬਾਰ ਕਲੈਰੰਸ ਪਲੇਸ, ਗਰੇਵਜ਼ੈਂਡ (ਕੈਂਟ) ਵਿਚ ਯੂ. ਕੇ. ਦੀਆਂ ਸਿਖ ਸੰਗਤਾਂ ਨੇ ਹੇਠ ਲਿਖੇ ਭਾਵ ਦਾ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ –

ਮੁਖੀ ਲੀਡਰੋ ! ਅੱਜ ਫਿਰ ਤੁਹਾਡੇ ਇਮਤਿਹਾਨ ਦੀ ਘੜੀ ਆ ਪੁਜੀ ਹੈ। ਸਿਖ ਕੌਮ ਪਹਿਲਾਂ ਵਾਂਗ ਸ਼ਹੀਦੀ ਗਾਨੇ ਬੰਨ੍ਹੀ ਬੈਠੀ ਹੈ ਅਤੇ ਤੁਹਾਡੇ ਵਲ ਵੇਖ ਰਹੀ ਹੈ।

ਅੰਮ੍ਰਿਤਸਰ ਅਤੇ ਕਾਨਪੁਰ ਦੇ ਖ਼ੂਨੀ ਸਾਕਿਆਂ ਨੇ ਸਿਖ ਕੌਮ ਦੀ ਰੂਹ ਨੂੰ ਝੰਜੋੜ ਦਿਤਾ ਹੈ। ਅਨੇਕਾਂ ਸਿੰਘ ਆਪਣੇ ਗੁਰੂ ਦੀ ਨਿੰਦਾ ਨਾ ਸੁਣਦੇ ਹੋਏ ਸ਼ਹੀਦੀਆਂ ਪਾ ਚੁਕੇ ਹਨ, ਅਨੇਕਾਂ ਫਟੜ ਹੋ ਕੇ ਹਸਪਤਾਲਾਂ ਵਿਚ ਪਏ ਹਨ ਅਤੇ ਅਨੇਕਾਂ ਨਕਾਰਾ ਹੋ ਚੁਕੇ ਹਨ। ਗੁਰੂ ਪਾਤਸ਼ਾਹ ਦੀ ਮਿਹਰ ਸਦਕਾ ਸ਼ਹੀਦਾਂ ਦਾ ਇਹ ਖ਼ੂਨ ਅਜਾਈਂ ਨਹੀਂ ਜਾਏਗਾ ਅਤੇ ਜ਼ਰੂਰ ਫਲ ਲਾਏਗਾ।

ਸਿਖ ਕੌਮ ਨੂੰ ਅੰਦਰੋਂ ਬਾਹਰੋਂ ਖ਼ਤਮ ਕਰਨ ਦੀਆਂ ਸਕੀਮਾਂ ਬਣ ਰਹੀਆਂ ਹਨ । ਗੁਰੂ-ਡੰਮ ਦਾ ਪ੍ਰਚਾਰ ਖੁਲ੍ਹਮ ਖੁਲ੍ਹਾ ਹੋ ਰਿਹਾ ਹੈ। ਇਹ ਦੰਭੀ ਸਿਖ ਕੌਮ ਲਈ ਵੱਡਾ ਖ਼ਤਰਾ ਬਣ ਗਏ ਹਨ। ਇਸ ਕੋਹੜ ਦਾ ਅਪਰੇਸ਼ਨ ਕਰਨਾ ਬੜਾ ਲਾਜ਼ਮੀ ਹੈ।

ਸਿਖ ਕੌਮ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੀ ਹੈ, ਪਰ ਲੀਡਰਾਂ ਨੂੰ ਆਪਣੇ ਚੌਧਰਮੇ ਦੀ ਲੜਾਈ ਵਿਚੋਂ ਹੀ ਵਿਹਲ ਨਹੀਂ ਮਿਲਦੀ। ਜ਼ਰਾ ਸੋਚੋ ! ਆਪਣੇ ਇਤਿਹਾਸ ਨੂੰ ਯਾਦ ਕਰੋ । ਆਪ ਇਕ-ਮੁੱਠ ਹੋਵੋ ਤੇ ਕੌਮ ਨੂੰ ਸੱਚੀ ਸੁੱਚੀ ਸੇਧ ਦਿਓ। ਪਿਛਲੇ ਅਗਲੇ ਵਿਤਕਰੇ ਭੁਲ ਕੇ ਕੌਮ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਣ ਲਈ ਪੂਰਾ ਤਾਣ ਲਾਓ। ਗੁਰੂ ਕਲਗੀਆਂ ਵਾਲਾ ਸਹਾਈ ਹੋਵੇਗਾ।

## ਕਾਨਪੁਰ ਖ਼ੂਨੀ ਕਾਂਡ ਸਬੰਧੀ ਹਰਦਰਦੀ ਤੇ ਰੋਸ-ਪਤਰ

ਕਾਨਪੁਰ ਦੇ ਖ਼ੂਨੀ ਸਾਕੇ ਬਾਰੇ ਇਸ ਭਾਵ ਦੇ ਪੱਤਰ ਹੇਠ ਲਿਖੀਆਂ ਸਿਖ ਸੰਗਤਾਂ ਵਲੋਂ ਪੁਜੇ ਹਨ–

ਕਾਨਪੁਰ ਦੇ ਖ਼ੂਨੀ ਸਾਕੇ ਦੇ ਸ਼ਹੀਦਾਂ ਨੂੰ ਹਾਰਦਿਕ ਸਤਿਕਾਰ ਭੇਟ ਕਰਦਿਆਂ ਹੋਇਆਂ ਇਸ ਗੋਲੀ-ਕਾਂਡ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ। ਅੰਮ੍ਰਿਤਸਰ ਤੋਂ ਬਾਅਦ ਇਸ ਦੂਸਰੀ ਘਟਨਾ ਨੇ ਸੰਸਾਰ ਭਰ ਦੇ ਸਿਖਾਂ ਵਿਚ ਸਖਤ ਬੇਚੈਨੀ ਤੇ ਹਲਚਲ ਪੈਦਾ ਕਰ ਦਿਤੀ ਹੈ।

ਸ਼ਹੀਦੀ ਪਰਵਾਰਾਂ ਅਤੇ ਫਟੜ ਹੋਏ ਸਿੰਘ ਸਿੰਘਣੀਆਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਉਨ੍ਹਾਂ ਮਰਜੀਵੜਿਆਂ ਨੂੰ ਧੰਨ ਧੰਨ ਕਿਹਾ ਹੈ ਜਿਨ੍ਹਾ ਕਾਨਪੁਰ ਵਿਖੇ ਅੰਮ੍ਰਿਤਸਰ ਵਾਂਗ ਸ਼ਾਂਤਮਈ ਸ਼ਹੀਦੀਆਂ ਪਾਈਆਂ ਹਨ। ਫਟੜ ਹੋਏ ਸਿੰਘ ਸਿੰਘਣੀਆਂ ਦੀਆਂ ਕੁਰਬਾਨੀਆਂ ਵੀ ਧੰਨਤਾ ਯੋਗ ਹਨ।

ਨਕਲੀ ਨਿਰੰਕਾਰੀ ਅਖੌਤੀ ਗੁਰੂ ਦੀ ਹਾਜ਼ਰੀ ਵਿਚ ਕੀਤੀ ਗਈ ਕਾਲੀ ਕਰਤੂਤ ਅਤੇ ਯੂ.ਪੀ. ਪੁਲਸ ਵਲੋਂ ਅੰਨ੍ਹੇਵਾਹ ਫ਼ਾਇਰਿੰਗ ਕਰਨ ਦੀ ਨਿੰਦਾ ਕਰਦਿਆਂ ਹੋਇਆਂ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਫ਼ਸਾਦ ਦੀ ਜੜ੍ਹ ਗੁਰਬਚਨ ਸਿੰਘ ਨਕਲੀ ਗੁਰੂ ਨੂੰ ਫ਼ੌਰਨ ਫੜ ਕੇ ਸਜ਼ਾ ਦਿਤੀ ਜਾਵੇ ਅਤੇ 'ਅਵਤਾਰ ਬਾਣੀ' ਤੇ 'ਯੁਗ ਪੁਰਸ਼' ਪੁਸਤਕਾਂ ਨੂੰ ਤੁਰੰਤ ਜ਼ਬਤ ਕੀਤਾ ਜਾਵੇ, ਜਿਨ੍ਹਾਂ ਵਿਚ ਸਰਬ ਧਰਮਾਂ ਦੀ, ਖਾਸ ਕਰਕੇ ਸਿਖਾਂ ਦੀ ਨਿਖੇਧੀ ਕੀਤੀ ਗਈ ਹੈ, ਤਾਕਿ ਤਪਤ ਸਿਖ ਹਿਰਦੇ ਸ਼ਾਂਤ ਹੋ ਸਕਣ।

੧. ਅਖੰਡ ਕੀਰਤਨੀ ਜਥਾ, ਲੁਧਿਆਣਾ

੨. ਗੁਰਦਵਾਰਾ ਸਤਸੰਗ, ਸਦਰ ਬਜ਼ਾਰ, ਮੇਰਠ ਛਾਉਣੀ

੩. ਬਿਹਾਰ ਸਿਖ ਨੌਜਵਾਨ ਸਭਾ, ਗੁਰਦਵਾਰਾ ਬਰਮਾ ਮਾਈਨਜ਼, ਜਮਸ਼ੈਦਪੁਰ



www.AKJ.Org

# ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

## ਕਾਰਕ (Cases)

ਜਾਣ-ਪਛਾਣ—ਵਿਆਕਰਣ ਦੇ ਹੇਠ-ਲਿਖੇ ਅਠ-ਅੰਗ (Part of speach) ਮੰਨੇ ਗਏ ਹਨ :—

| | | | |
|---|---|---|---|
| ੧. ਨਾਂਵ | ੨. ਪੜਨਾਂਵ | ੩. ਵਿਸ਼ੇਸ਼ਣ | ੪. ਕਿਰਿਆ |
| ੫. ਕਿਰਿਆ-ਵਿਸ਼ੇਸ਼ਣ | ੬. ਸੰਬੰਧਕ | ੭. ਯੋਜਕ | ੮. ਵਿਸਮਿਕ |

ਇਹਨਾਂ ਵੱਖ ਵੱਖ ਅੰਗਾਂ ਨੂੰ ਵਿਧੀ-ਵਿਊਂਤ ਅਨੁਸਾਰ ਜੋੜਿਆਂ ਵਾਕ ਬਣਦਾ ਹੈ। ਵਾਕ ਦੁਆਰਾ ਇਕ ਵਿਅੱਕਤੀ ਆਪਣੇ ਮਨੋ ਭਾਵ ਬੋਲ ਕੇ ਜਾਂ ਲਿਖ ਕੇ ਦੂਜੇ ਵਿਅੱਕਤੀ ਤਕ ਪਹੁੰਚਾ ਸਕਦਾ ਹੈ। ਵਾਕ ਵਿਚ ਵਰਤੇ ਗਏ ਇਹਨਾਂ ਵਖ ਵਖ ਅੰਗਾਂ ਦਾ ਪਰਸਪਰ ਸਬੰਧ ਹੁੰਦਾ ਹੈ। ਇਹ ਸੰਬੰਧ, ਸੰਬੰਧਕੀ ਪਦਾਂ (prepositions) ਅਥਵਾ ਕਾਰਕ-ਚਿੰਨ੍ਹਾਂ (case symbols) ਦੁਆਰਾ ਨਿਰੂਪਨ ਹੁੰਦਾ ਹੈ। ਇਹ ਸੰਬੰਧਕੀ-ਪਦ ਅਥਵਾ ਕਾਰਕ-ਚਿੰਨ੍ਹ ਇਕ ਪਾਸੇ ਤਾਂ ਵਖ ਵਖ ਨਾਵਾਂ ਨੂੰ ਆਪਸ ਵਿਚ ਜੋੜਦੇ ਹਨ ਅਤੇ ਦੂਜੇ ਪਾਸੇ ਨਾਵਾਂ ਨੂੰ ਵਾਕ ਦੀ ਕਿਰਿਆ ਨਾਲ ਜੋੜਦੇ ਹਨ। ਨਾਂਵ ਦੇ ਨਾਲ ਆਏ ਸੰਬੰਧਕੀ-ਪਦ ਅਥਵਾ ਕਾਰਕ-ਚਿੰਨ੍ਹ ਤੋਂ ਹੀ ਇਹ ਨਿਰਣਾ ਹੁੰਦਾ ਹੈ ਕਿ ਉਹਨਾਂ ਦਾ ਸੰਬੰਧੀ-ਨਾਂਵ ਫਲਾਣੇ ਕਾਰਕ ਵਿਚ ਹੈ।

| ਸੰਬੰਧਕੀ-ਪਦਾਂ ਸਹਿਤ ਨਾਂਵ | ਕਾਰਕ-ਚਿੰਨ੍ਹਾਂ ਸਹਿਤ ਨਾਂਵ |
|---|---|
| 'ਪੂਰੇ ਗੁਰੂ' ਨੇ ਮੇਰੀ (ਪੈਜ) ਰਖ ਲਈ। | 'ਗੁਰਿ ਪੂਰੈ' ਮੇਰੀ ਰਾਖਿ ਲਈ ॥ (੮੨੩)<br>[ਗੁਰਿ ਪੂਰੈ = ਪੂਰੇ ਗੁਰੂ ਨੇ] |
| ਸਾਰੇ ਜੰਤ 'ਗੋਪਾਲ' ਨੂੰ ਭਜੋ ॥ | ਸਗਲੇ ਜੰਤ ਭਜਹੁ ਗੋਪਾਲੈ ॥ (੧੩੧੨)<br>[ਗੋਪਾਲੈ = ਗੋਪਾਲ ਨੂੰ] |
| (ਮੈਂ) ਸਾਧਾਂ ਦੀ ਸੰਗਤ ਵਿਚ ਇਸ ਮਨ ਨੂੰ ਉਧਾਰਦਾ ਹਾਂ। | ਸਾਧ ਸੰਗਿ ਇਸੁ 'ਮਨਹਿ' ਉਧਾਰਉ ॥ (੮੦੪)<br>[ਮਨਹਿ = ਮਨ ਨੂੰ] |
| ਗੁਰੂ ਦੇ 'ਸ਼ਬਦ ਦੁਆਰਾ' ਮੋਖ ਦੁਆਰਾ (ਪ੍ਰਾਪਤ ਹੁੰਦਾ ਹੈ) | ਗੁਰ ਕੈ 'ਸਬਦੇ' ਮੋਖ ਦੁਆਰਾ ॥(੧੦੫੨)<br>[ਸਬਦੇ = ਸ਼ਬਦ ਦੁਆਰਾ] |
| 'ਨੈਨਾਂ' ਨਾਲ' ਠਾਕਰ ਦਾ ਰੰਗ ਦੇਖ। | 'ਨੈਨਹੁ' ਪੇਖੁ ਠਾਕੁਰ ਕਾ ਰੰਗੁ ॥ (੨੮੧)<br>[ਨੈਨਹੁ = ਨੈਨਾਂ ਨਾਲ] |
| 'ਕੰਨਾਂ ਦੁਆਰਾ' ਗੋਪਾਲ ਦਾ ਜਸ ਸੁਣਨਾ ਚਾਹੀਦਾ ਹੈ। | ਕਰਨੀ ਸੁਨੀਐ ਜਸੁ ਗੋਪਾਲ ॥ (੨੯੮)<br>[ਕਰਨੀ = ਕੰਨਾਂ ਦੁਆਰਾ। ਗੋਪਾਲ = ਗੋਪਾਲ ਦਾ] |
| 'ਮਨ ਨੂੰ' ਅਨੇਕ ਤਰੰਗ ਵਿਆਪਦੇ ਹਨ। | 'ਮਨਹਿ' ਬਿਆਪਤ ਅਨਿਕ ਤਰੰਗਾ ॥ (੭੫੬)<br>[ਮਨਹਿ = ਮਨ ਨੂੰ] |
| 'ਸੰਤਾਂ ਨੂੰ' ਅਨੇਕ ਵਾਰੀ ਪ੍ਰਣਾਮ ਹੈ। | ਅਨਿਕ ਬਾਰ 'ਸੰਤਹ' ਡੰਡਉਤ ॥ (੮੮੯)<br>[ਸੰਤਹ = ਸੰਤਾਂ ਨੂੰ] |



www.AKJ.Org

| | |
|---|---|
| 'ਪਿਰਿਆ' ਦੀ ਕਹਾਣੀ ਮਿਠੀ ਹੈ। | ਮੀਠੀ 'ਪਿਰਹਿ' ਕਹਾਨੀ ॥ (੮੩੦)<br>[ਪਿਰਹਿ = ਪਿਰ ਦੀ] |
| 'ਸਰੀਰ ਵਿਚ' ਚੰਡਾਲ ਕਰੋਧ ਵਸਦਾ ਹੈ। | ਬਸਇ ਕਰੋਧੁ 'ਸਰੀਰਿ' ਚੰਡਾਰਾ ॥ (੭੫੯)<br>[ਸਰੀਰਿ = ਸਰੀਰ ਵਿਚ] |
| ਹੇ ਨਾਨਕ, "ਗੁਣਾਂ ਦੇ ਖ਼ਜ਼ਾਨੇ (ਪ੍ਰਭੂ) ਨੂੰ' ਗਾਉਣਾ ਚਾਹੀਦਾ ਹੈ। | 'ਨਾਨਕ' ਗਾਵੀਐ 'ਗੁਣੀ ਨਿਧਾਨੁ' (੨)<br>[ਗੁਣੀ ਨਿਧਨੁ = ਗੁਣਾਂ ਦੇ ਖ਼ਜ਼ਾਨੇ ਨੂੰ।<br>ਨਾਨਕ = ਹੇ ਨਾਨਕ !] |

ਖਬੇ ਪਾਸੇ ਦਿਤੀਆਂ ਵਾਰਤਕ ਉਦਾਹਰਣਾਂ ਵਿਚ ਕਾਰਕ ਸੰਬੰਧਕੀ-ਪਦਾਂ ਦੇ ਰੂਪ ਵਿਚ ਨਾਵਾਂ ਨਾਲ ਆਏ ਹਨ। ਜਿਵੇਂ :– ਨੇ, ਨੂੰ, ਦੁਆਰਾ, ਨਾਲ, ਦਾ, ਦੀ, ਵਿਚ, ਆਦਿ।

ਸਜੇ ਪਾਸੇ ਅੰਕਿਤ ਗੁਰਬਾਣੀ ਦੀਆਂ ਪੰਗਤੀਆਂ ਵਿਚ ਕਾਰਕ, ਲਗ-ਮਾਤ੍ਰੀ-ਚਿੰਨ੍ਹਾਂ ਦੇ ਰੂਪ ਵਿਚ ਨਾਵਾਂ ਨਾਲ ਸੰਮਿਲਤ ਹੋ ਕੇ ਉਹਨ੍ਹਾਂ ਦੇ ਅੰਤਲੇ ਅਖਰ ਨੂੰ ਲਗ ਕੇ ਆਏ ਹਨ। ਜਿਵੇਂ :—

( ਿ ) ਸਿਹਾਰੀ ( ੈ ) ਦੋ ਲਾਵਾਂ, (ਹਿ) ਸਿਹਾਰੀ ਹਾਹਾ, ( ੇ ) ਲਾਂ, (ਹੁ) ਹਾਹਾ ਔਂਕੜ, ( ੀ ) ਬਿਹਾਰੀ, (ਮੁਕਤਾ) ਮੁਕਤਾ, (ਹ) ਹਾਹਾ ਤੇ ( ੁ ) ਔਂਕੜ ਆਦਿ।

ਹੋਰ ਵਧੇਰੇ ਸਪੱਸ਼ਟ ਕਰਨ ਲਈ ਦੋਹਾਂ ਪਾਸੇ ਗੁਰਬਾਣੀ ਦੀਆਂ ਉਦਾਹਰਣਾਂ ਦਿਤੀਆਂ ਜਾਂਦੀਆਂ ਹਨ——

| ਸੰਬੰਧਕੀ-ਪਦਾਂ ਸਹਿਤ ਨਾਂਵ | ਕਾਰਕ-ਚਿੰਨ੍ਹਾਂ ਸਹਿਤ ਨਾਂਵ |
|---|---|
| ਗੁਰ ਕੈ' ਦਰਸਨਿ ਮੋਖ ਦੁਆਰੁ ॥ (੩੬੧) | 'ਗੁਰ' ਦਰਸਨਿ ਉਧਰੈ ਸੰਸਾਰਾ ॥ (੩੧੧)<br>['ਗੁਰ' = ਗੁਰ ਕੈ] |
| 'ਮਨ ਮਹਿ' ਸਿੰਚਹੁ ਹਰਿ ਹਰਿ ਨਾਮੁ ॥ ੮੦੭ | ਦਇਆ ਕਰਹੁ ਬਸਹੁ 'ਮਨਿ' ਆਇ ॥ (੮੦੨)<br>[ਮਨਿ = ਮਨ ਮਹਿ] |
| 'ਪਿਰ ਕੀ'ਸਾਰ ਨ ਜਾਣਈ ਦੂਜੈ ਭਾਇ ਪਿਆਰੁ॥(੬੫੨) | ਮੀਠੀ 'ਪਿਰਹਿ'ਕਹਾਨੀ [ਪਿਰਹਿ = ਪਿਰ ਕੀ] (੮੩੦) |
| ਮਨ ਤੇ' ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥(੫੫੭) | ਕੀੜੀ ਤੁਲਿ ਨ ਹੋਵਨੀ ਜੇ ਤਿਸੁ 'ਮਨਹੁ'ਨ ਵੀਸਰਹਿ ॥ (੫)<br>[ਮਨਹੁ – ਮਨ ਤੇ (ਤੋਂ)] |
| 'ਮਨ ਕਉ' ਵਿਆਪੈ ਹਉਮੈ ਮੈਲੁ ॥(੧੧੪੯) | 'ਮਨਹਿ' ਬਿਆਪਤ ਅਨਿਕ ਤਰੰਗਾ ॥(੭੫੯)<br>[ਮਨਹਿ = ਮਨ ਕਉ (ਨੂੰ)] |

ਖਬੇ ਪਾਸੇ ਅੰਕਿਤ ਗੁਰਬਾਣੀ ਦੀਆਂ ਪੰਗਤੀਆਂ ਵਿਚ 'ਕੈ' 'ਮਹਿ' 'ਕੀ' 'ਤੇ' 'ਕਉ' ਸੰਬੰਧਕੀ-ਪਦ ਪਰਗਟ ਰੂਪ ਵਿਚ ਨਾਵਾਂ ਦੇ ਨਾਲ ਆਏ ਹਨ, ਪਰ ਇਹਨਾਂ ਦੀ ਹੋਂਦ ਵਖਰੀ ਹੈ। ਇਹ ਸ਼ਬਦੀ ਕਾਰਕ ਚਿੰਨ੍ਹ ਹਨ। ਪਰ ਸਜੇ ਪਾਸੇ ਅੰਕਿਤ ਗੁਰਬਾਣੀ ਪੰਗਤੀਆਂ ਵਿਚ 'ਮੁਕਤਾ', ( ਿ ) (ਹਿ) (ਹੁ) (ਹਿ) ਕਾਰਕ-ਚਿੰਨ੍ਹ ਨਾਵਾਂ ਨਾਲ ਸੰਮਿਲਤ ਹੋ ਕੇ ਆਏ ਹਨ। ਇਹ ਲਗਮਾਤ੍ਰੀ-ਕਾਰਕ-ਚਿੰਨ੍ਹ ਹਨ।

ਸ਼ਬਦੀ-ਕਾਰਕ-ਚਿੰਨ੍ਹ-(ਭਾਵ ਸੰਬੰਧਕੀ-ਪਦ) ਨਾਵਾਂ ਦੇ ਨਾਲ, ਪਰ ਉਹਨਾਂ ਤੋਂ ਅਡਰੇ ਆਉਂਦੇ


www.AKJ.Org

ਹਨ, ਪਰ ਲਗਮਾਤ੍ਰੀ-ਕਾਰਕ ਚਿੰਨ੍ਹ ਨਾਵਾਂ ਦੇ ਨਾਲ ਹੀ ਉਹਨਾਂ ਦੇ ਅੰਤਲੇ ਅਖਰ ਨਾਲ ਸੰਮਿਲਤ ਹੋ ਕੇ ਆਉਂਦੇ ਹਨ। ਦੋਹਾਂ ਦੇ ਰੂਪ ਭਾਵੇਂ ਵਖ ਵਖ ਹਨ, ਪਰ ਦੋਵੇਂ ਰੂਪ ਇਕੋ ਹੀ ਪ੍ਰਯੋਜਨ ਦੀ ਪੂਰਤੀ ਕਰਦੇ ਹਨ।

ਅਜੋਕੀ ਪੰਜਾਬੀ ਲਿਖਤ ਵਿਚ ਸੰਬੰਧਕੀ-ਪਦਾਂ ਦੀ ਖੁਲ੍ਹੀ ਵਰਤੋਂ ਕੀਤੀ ਜਾਂਦੀ ਹੈ, ਪਰ ਗੁਰਬਾਣੀ ਵਿਚ ਸੰਬੰਧਕੀ-ਪਦਾਂ ਦੀ ਬੜੀ ਸੰਕੋਚਵੀਂ ਵਰਤੋਂ ਮਿਲਦੀ ਹੈ। ਬਹੁਤ ਕਰਕੇ ਇਹਨਾਂ ਦਾ ਕੰਮ ਲਗ-ਮਾਤ੍ਰੀ ਕਾਰਕ-ਚਿੰਨ੍ਹਾਂ ਤੋਂ ਹੀ ਲਿਆ ਗਿਆ ਹੈ। ਇਸ ਦਾ ਲਾਭ ਇਹ ਸੀ ਕਿ ਥੋੜੇ ਸ਼ਬਦਾਂ ਵਿਚ ਅਤੇ ਥੋੜੀ ਥਾਂ ਤੇ ਬਹੁਤਾ ਕੁਝ ਲਿਖਿਆ ਜਾ ਸਕਦਾ ਸੀ।

## ਸੰਬੰਧਕੀ-ਪਦਾਂ ਅਥਵਾ ਕਾਰਕ-ਚਿੰਨ੍ਹਾਂ ਦੀ ਲੋੜ

ਜੇ ਵਾਕ ਵਿਚ ਸੰਬੰਧਕੀ-ਪਦ ਅਥਵਾ ਕਾਰਕ-ਚਿੰਨ੍ਹ ਨਾ ਹੋਣ ਤਾਂ ਵਾਕ ਦਾ ਅਰਥ ਸਪੱਸ਼ਟ ਨਹੀਂ ਹੋ ਸਕਦਾ। ਜਿਵੇਂ:—

ਸਿੰਘ ਮਾਰਿਆ। ਇਸ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਸਿੰਘ ਨੇ ਕਿਸੇ ਨੂੰ ਮਾਰਿਆ ਜਾਂ ਸਿੰਘ ਨੂੰ ਕਿਸੇ ਨੇ ਮਾਰਿਆ।

ਰਾਵਣ ਹੰਕਾਰ ਬਿਨਸਿਆ। ਇਸ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਰਾਵਣ ਦਾ ਹੰਕਾਰ ਨਾਸ਼ ਹੋ ਗਿਆ ਜਾਂ ਰਾਵਣ ਦਾ ਹੰਕਾਰ ਦੁਆਰਾ (ਦਾ ਸਦਕਾ) ਨਾਸ਼ ਹੋਇਆ।

ਰਾਮ ਘਰ ਮਿਲਿਆ। ਇਸ ਤੋਂ ਇਹ ਸਪੱਸ਼ਟ ਨਹੀਂ ਕਿ ਰਾਮ ਦਾ ਘਰ ਮਿਲਿਆ। ਜਾਂ ਰਾਮ ਘਰ ਵਿਚ ਮਿਲਿਆ। ਜਾਂ ਰਾਮ ਨੂੰ ਘਰ ਮਿਲਿਆ। ਜਾਂ ਰਾਮ ਦੁਆਰਾ ਘਰ ਮਿਲਿਆ।

ਸੋ ਉਪ੍ਰੋਕਤ ਉਦਾਹਰਣਾਂ ਤੋਂ ਇਹ ਸੋਝੀ ਹੁੰਦੀ ਹੈ ਕਿ ਵਾਕ ਵਿਚ ਵਖ ਵਖ ਨਾਵਾਂ ਅਤੇ ਕਿਰਿਆਵਾਂ ਦੇ ਵਿਚਕਾਰ ਸੰਬੰਧਕੀ-ਪਦਾਂ ਅਥਵਾ ਕਾਰਕ-ਚਿੰਨ੍ਹਾਂ ਦੀ ਅਵੱਸ਼ ਲੋੜ ਹੁੰਦੀ ਹੈ, ਜੋ ਇਕ ਪਾਸੇ ਤਾਂ ਇਹਨਾਂ ਨੂੰ ਆਪਸ ਵਿਚ ਜੋੜਨ ਅਤੇ ਦੂਜੇ ਪਾਸੇ ਵਾਕ ਨੂੰ ਮੁਕੰਮਲ ਕਰ ਕੇ ਭਾਵ ਨੂੰ ਸਪੱਸ਼ਟ ਕਰਨ।

## ਕਾਰਕ ਦੇ ਲਛਣ ( Definition )

ਨਾਂਵ ਅਥਵਾ ਪੜਨਾਂਵ ਦਾ ਵਾਕ ਦੀ ਕਿਰਿਆ ਨਾਲ ਅਨਿਖੜਵਾਂ ਸੰਬੰਧ ਹੁੰਦਾ ਹੈ। ਇਸ ਸੰਬੰਧ ਨੂੰ ਦਰਸਾਉਣ ਲਈ ਨਾਂਵ ਦੇ ਸਰੂਪ ਵਿਚ ਜੋ ਤਬਦੀਲੀ ਵਾਪਰਦੀ ਹੈ, ਉਸ ਨੂੰ ਕਾਰਕ ਆਖਦੇ ਹਨ।

ਨੋਟ:—ਇਹ ਤਬਦੀਲੀ ਦੋ ਤਰ੍ਹਾਂ ਨਾਲ ਵਾਪਰਦੀ ਹੈ—

(ੳ) ਨਾਂਵ ਦੇ ਨਾਲ ਸੰਬੰਧਕੀ-ਪਦ ਅਥਵਾ ਸ਼ਬਦੀ-ਕਾਰਕ-ਚਿੰਨ੍ਹ ਲਾ ਦਿਤਾ ਜਾਂਦਾ ਹੈ, ਜੋ ਨਾਂਵ ਦੇ ਨਾਲ ਤਾਂ ਆਉਂਦਾ ਹੈ, ਪਰ ਆਪਣੀ ਅਡਰੀ ਹੋਂਦ ਵਿਚ। ਜਿਵੇਂ—ਮਨ ਵਿਚ, ਮਨ ਤੋਂ, ਮਨ ਨੂੰ, ਆਦਿ।

(ਅ) ਨਾਂਵ ਦੇ ਅੰਤਲੇ ਅੱਖਰ ਨਾਲ ਲਗ-ਮਾਤ੍ਰੀ ਕਾਰਕ-ਚਿੰਨ੍ਹ ਅੜੁੰਗ ਦਿਤਾ ਜਾਂਦਾ ਹੈ, ਜੋ ਨਾਂਵ ਦੇ ਨਾਲ ਸੰਮਿਲਤ ਹੋ ਜਾਂਦਾ ਹੈ। ਜਿਵੇਂ--ਮਨਿ, ਮਨਹੁ, ਮਨਹਿ, ਆਦਿ।



www.AKJ.Org

ਹਰੇਕ ਨਾਂਵ ਸ਼ਬਦ ਦੇ ਰੂਪ ਅਥਵਾ ਉਸਦੀ ਅਖਰੀ ਤੇ ਲਗ-ਮਾਤ੍ਰੀ ਬਣਤਰ ਤੋਂ ਹੀ ਉਸਦੇ ਕਾਰਕ ਦਾ ਨਿਰਣਾ ਹੋ ਸਕਦਾ ਹੈ । ਇਕੋ ਹੀ ਨਾਂਵ ਵਖਰੇ ਵਖਰੇ ਕਾਰਕ-ਚਿੰਨ੍ਹ (ਸ਼ਬਦੀ-ਚਿੰਨ੍ਹ ਜਾਂ ਲਗ ਮਾਤ੍ਰੀ-ਚਿੰਨ੍ਹ) ਲਗਣ ਕਰਕੇ ਵਖ ਵਖ ਕਾਰਕਾਂ ਵਿਚ ਬਦਲ ਜਾਂਦਾ ਹੈ । ਇਸ ਕਥਨ ਦੀ ਸਪੱਸ਼ਟਤਾਈ ਅਤੇ ਪੁਸ਼ਟੀ ਲਈ ਹੇਠਾਂ 'ਗੁਰ' ਸ਼ਬਦ ਦੇ ਬਦਲਵੇਂ ਸਰੂਪਾਂ ਅਤੇ ਉਹਨਾਂ ਸਰੂਪਾਂ ਦੇ ਅਧਾਰ ਤੇ ਬਣੇ ਵਖ ਵਖ ਕਾਰਕਾਂ ਦਾ ਵੇਰਵਾ ਹੇਠ ਦਿਤਾ ਜਾਦਾ ਹੈ :—

| ਮੂਲ ਸ਼ਬਦ | ਬਦਲਵੇਂ ਸਰੂਪ ਬਾਰੇ ਗੁਰਬਾਣੀ ਦੀਆਂ ਤੁਕਾਂ | ਬਦਲਵਾਂ ਸਰੂਪ | ਕਾਰਕ ਦਾ ਵੇਰਵਾ |
|---|---|---|---|
| ਗੁਰ | 'ਗੁਰੁ' ਮੇਰੀ ਪੂਜਾ 'ਗੁਰੁ' ਗੋਬਿੰਦੁ ॥ (੮੬੪) | ਗੁਰੁ (ਗੁਰੂ) | ਕਰਤਾ ਕਾਰਕ, ਇਕ-ਵਚਨ |
| ,, | 'ਗੁਰਿ' ਪੂਰੈ ਮੇਰੀ ਰਾਖਿ ਲਈ ॥ (੮੨੩) | ਗੁਰਿ (ਗੁਰੂ ਨੇ) | ਕਰਤਾ ਕਾਰਕ, ਇਕ-ਵਚਨ |
| ,, | 'ਗੁਰਹਿ' ਦਿਖਾਇਓ ਲੋਇਨਾ ॥ (੪੦੭) | ਗੁਰਹਿ (ਗੁਰੂ ਨੇ) | ਕਰਤਾ ਕਾਰਕ, ਇਕ-ਵਚਨ |
| ,, | ਕਹੁ ਨਾਨਕ 'ਗੁਰ' ਭਏ ਦਇਆਰਾ<br>ਹਰਿ ਰੰਗੁ ਨ ਕਬਹੂ ਲਹਤਾ ॥ (੮੨੩) | 'ਗੁਰ' (ਗੁਰੂ ਜੀ) | ਕਰਤਾ ਕਾਰਕ, (ਆਦਰ ਵਾਚੀ) |
| ,, | ਤੈਸੇ ਉਧਾਰਨ 'ਗੁਰਹ' ਪੀਰ ॥ (੧੧੮੧) | ਗੁਰਹ (ਗੁਰੂ ਜੀ) | ਕਰਤਾ ਕਾਰਕ, (ਆਦਰ ਵਾਚੀ) |
| ,, | 'ਗੁਰੁ' ਸੇਵਉ ਕਰਿ ਨਮਸਕਾਰੁ ॥ (੧੧੮੦) | ਗੁਰੁ (ਗੁਰੂ ਨੂੰ) | ਕਰਮ ਕਾਰਕ, ਇਕ ਵਚਨ |
| ,, | 'ਗੁਰਿ' ਪੂਰੈ ਹਰਿ ਪਾਇਆ<br>ਹਰਿ ਭਗਤਿ ਇਕ ਮੰਗਾ ॥ (੬੪੯) | ਗੁਰਿ (ਗੁਰੂ ਦੁਆਰਾ) | ਕਰਣ ਕਾਰਕ, ਇਕ ਵਚਨ |
| ,, | 'ਗੁਰ' ਮਿਲਿ ਖੋਲੇ ਬਜਰ ਕਪਾਟ । (੧੫੩) | ਗੁਰ (ਗੁਰੂ ਨੂੰ) | ਸੰਪਰਦਾਨ ਕਾਰਕ ਇਕ ਵਚਨ |
| ,, | ਆਦਿ ਗੁਰਏ ਨਮਹ ॥<br>ਜੁਗਾਦਿ ਗੁਰਏ ਨਮਹ ॥<br>ਸਤਿ ਗੁਰਏ ਨਮਹ ॥<br>ਸ੍ਰੀ ਗੁਰ ਦੇਵਏ ਨਮਹ ॥ (੨੬੨) | ਗੁਰਏ (ਗੁਰੂ ਨੂੰ) | ਸੰਪਰਦਾਨ ਕਾਰਕ ਇਕ ਵਚਨ |
| ,, | ਹਰਿ 'ਗੁਰਹਿ' ਭਾਣਾ ਦੀਈ ਵਡਿਆਈ<br>ਧੁਰਿ ਲਿਖਿਆ ਲੇਖੁ ਰਜਾਇ ਜੀਉ ॥ (੯੨੪) | ਗੁਰਹਿ (ਗੁਰੂ ਨੂੰ) | ਸੰਪਰਦਾਨ ਕਾਰਕ ਇਕ ਵਚਨ |
| ,, | ਸਭ ਮਹਿ ਵਰਤੈ ਏਕੋ ਸੋਈ ॥<br>'ਗੁਰ' ਪਰਸਾਦੀ ਪਰਗਟੁ ਹੋਈ । (੧੦੫੫) | ਗੁਰ (ਗੁਰੂ ਦੀ) | ਸੰਬੰਧ ਕਾਰਕ, ਇਕ ਵਚਨ |
| ,, | ਸੇਵਾ ਥਾਰੀ 'ਗੁਰਹਿ' ਟੇਕ ॥ (੨੧੦) | ਗੁਰਹਿ (ਗੁਰੂ ਦੀ) | ਸੰਬੰਧ ਕਾਰਕ, ਇਕ ਵਚਨ |
| ,, | ਤਵਗੁਨ ਕਹਾ ਜਗਤ 'ਗੁਰਾ'<br>ਜਉ ਕਰਮੁ ਨ ਨਾਸੈ ॥ | ਗੁਰਾ (ਹੇ ਗੁਰੂ) | ਸੰਬੋਧਨ ਕਾਰਕ, ਇਕ ਵਚਨ |
| ,, | ਗੁਰ, ਤਾਰਿ ਤਾਰਣ ਹਾਰਿਆ ॥ (੮੭੮) | ਗੁਰ (ਹੇ ਗੁਰੂ) | ਸੰਬੋਧਨ ਕਾਰਕ, ਇਕ ਵਚਨ |
| ,, | ਹੇ ਪ੍ਰਾਣ ਨਾਥ ਗੋਬਿੰਦਹ<br>ਕ੍ਰਿਪਾ ਨਿਧਾਨ 'ਜਗਦਗੁਰੋ' ॥ (੧੩੫੮) | ਗੁਰੋ (ਹੇ ਗੁਰੂ ਜੀ) | ਸੰਬੋਧਨ ਕਾਰਕ (ਆਦਰ ਵਾਚੀ) |

ਉਪ੍ਰੋਕਤ ਤੁਕਾਂ ਵਿਚੋਂ ਸਪੱਸ਼ਟ ਹੋਇਆ ਹੈ ਕਿ 'ਗੁਰ' ਸ਼ਬਦ ਨੂੰ ਵਖ ਵਖ ਕਾਰਕ-ਚਿੰਨ੍ਹ ਲਗਣ ਨਾਲ ਇਸ ਸ਼ਬਦ ਦੇ ਸਰੂਪ ਵਿਚ ਤਬਦੀਲੀ ਵਾਪਰੀ ਹੈ ਤੇ ਇਸ ਤਬਦੀਲੀ ਦੇ ਅਧਾਰ ਤੇ ਓਹੋ 'ਗੁਰ' ਸ਼ਬਦ ਵਖ ਵਖ ਕਾਰਕਾਂ ਵਿਚ ਬਦਲ ਗਿਆ ਹੈ ।



**ਟਾਂਡਾ ਵਿਖੇ 23-24-25 ਨਵੰਬਰ ਨੂੰ ਸ਼ਹੀਦੀ ਸਮਾਗਮ**

www.AKJ.Org

ਕਾਰਕਾਂ ਦੀਆਂ ਕਿਸਮਾਂ—

## ਕਾਰਕ ਅਠ ਤਰ੍ਹਾਂ ਦੇ ਹਨ :--

(੧) ਕਰਤਾ ਕਾਰਕ (Nominative Case)–ਕਿਰਿਆ ਦੁਆਰਾ ਦਸੇ ਗਏ ਕੰਮ ਦੇ ਕਰਨ ਵਾਲੇ ਨੂੰ ਕਰਤਾ ਆਖੀਦਾ ਹੈ। ਅਤੇ ਜੇ ਵਾਕ ਦੀ ਕਿਰਿਆ ਅਪੂਰਨ (Incomplete) ਹੋਵੇ ਤਾਂ ਵਾਕ ਦਾ ਉਹ ਨਾਂਵ ਵੀ ਕਰਤਾ ਕਾਰਕ ਹੁੰਦਾ ਹੈ, ਜਿਸ ਦੀ ਵਾਕ ਵਿਚ ਚਰਚਾ ਕੀਤੀ ਗਈ ਹੋਵੇ। ਜਿਵੇਂ (ੳ) ਕਿਰਿਆ ਦਾ ਕਰਤਾ– ਗੁਰੂ ਨੇ ਸਿਖ ਨੂੰ ਨਾਮ ਦਿਤਾ।
(ਅ) ਕਰਤਾ ਦੀ ਚਰਚਾ–'ਗੁਰੂ' ਸਿਖ ਦਾ ਰਾਖਾ ਹੈ।

(੨) ਕਰਮ ਕਾਰਕ (Accusative Case)—ਕਿਰਿਆ ਦੁਆਰਾ ਕੀਤਾ ਗਿਆ ਕੰਮ ਜਿਸ ਵਿਅਕਤੀ ਜਾਂ ਵਸਤੂ ਉਤੇ ਵਾਪਰੇ, ਉਸ ਨੂੰ ਪਰਗਟ ਕਰਨ ਵਾਲੇ ਨਾਂਵ ਦਾ ਕਰਮ ਕਾਰਕ ਹੁੰਦਾ ਹੈ। ਜਿਵੇਂ–(੧) 'ਮਨ' ਨੂੰ ਵਸ ਵਿਚ ਰਖੋ। (੨) ਪ੍ਰਸ਼ਾਦਾ ਛਕੋ ਜੀ।

(੩) ਕਰਣ ਕਾਰਕ (Instrumental Case)—ਜਿਸ ਵਿਅਕਤੀ ਜਾਂ ਵਸਤੂ ਦੇ ਵਸੀਲੇ ਨਾਲ ਕੋਈ ਕੰਮ ਕੀਤਾ ਜਾਵੇ, ਉਸ ਨੂੰ ਪਰਗਟ ਕਰਨ ਵਾਲੇ ਨਾਂਵ ਦਾ ਕਰਣ ਕਾਰਕ ਹੁੰਦਾ ਹੈ। ਜਿਵੇਂ— (੧) 'ਗੁਰੂ' ਦੁਆਰਾ ਪ੍ਰਭੂ ਦਾ ਮਿਲਾਪ ਹੋ ਸਕਦਾ ਹੈ। (੨) 'ਬਾਣੀ' ਨਾਲ ਮਨ ਨਿਰਮਲ ਹੁੰਦਾ ਹੈ।

(੪) ਸੰਪ੍ਰਦਾਨ ਕਾਰਕ (Dative Case)—ਜਿਸ ਵਿਅਕਤੀ ਜਾਂ ਵਸਤੂ ਲਈ ਕੋਈ ਕੰਮ ਕੀਤਾ ਜਾਵੇ, ਜਾਂ ਜਿਸ ਨੂੰ ਕੋਈ ਕੰਮ ਜਾਂ ਮਨੋ-ਭਾਵ ਸਮਰਪਤ ਕੀਤਾ ਜਾਵੇ, ਉਸ ਨੂੰ ਪਰਗਟ ਕਰਨ ਵਾਲੇ ਨਾਂਵ ਦਾ ਸੰਪਰਦਾਨ ਕਾਰਕ ਹੁੰਦਾ ਹੈ। ਜਿਵੇਂ–(੧) ਮੇਰੀ ਲਖ ਵਾਰ 'ਗੁਰੂ' ਨੂੰ ਬੰਦਨਾ ਹੈ। (੨) 'ਗੁਰੂ ਨੂੰ ਮਿਲ ਕੇ ਬਜਰ ਕਪਾਟ ਖੁਲ੍ਹ ਜਾਂਦੇ ਹਨ।

(੫) ਅਪਾਦਾਨ ਕਾਰਕ) (Ablative Case)—ਜਿਸ ਤੋਂ ਕੋਈ ਵਸਤੂ ਵਖ ਕੀਤੀ ਜਾਵੇ ਜਾਂ ਕੋਈ ਕਾਰਜ ਅਰੰਭ ਹੋਵੇ ਉਸ ਨੂੰ ਪਰਗਟ ਕਰਨ ਵਾਲਾ ਨਾਂਵ ਅਪਾਦਾਨ ਕਾਰਕ ਵਿਚ ਹੁੰਦਾ ਹੈ। ਜਿਵੇਂ–(੧) 'ਮੁਖ' ਤੋਂ ਵਾਹਿਗੁਰੂ ਵਾਹਿਗੁਰੂ ਉਚਾਰੋ। (੨) ਨਾਮ ਪਦਾਰਥ ਮੈਨੂੰ 'ਗੁਰੂ' ਤੋਂ ਮਿਲਿਆ ਹੈ।

(੬) ਸੰਬੰਧ ਕਾਰਕ (Genitive Case)—ਜੋ ਨਾਂਵ ਕਿਸੇ ਹੋਰ ਨਾਵ ਨਾਲ ਮਾਲਕੀ ਜਾਂ ਸੰਬੰਧ ਪਰਗਟ ਕਰੇ ਉਹ ਸੰਬੰਧ ਕਾਰਕ ਵਿਚ ਹੁੰਦਾ ਹੈ। ਜਿਵੇਂ–(੧) 'ਗੁਰੂ' ਦਾ ਸਿਖ ਵਿਕਾਰਾ ਤੋਂ ਹਟਦਾ ਹੈ। (੨) 'ਗੁਰਸਿਖ' ਦੀ ਸੇਵਾ ਗੁਰੂ ਦੀ ਹੀ ਸੇਵਾ ਹੈ।

(੭) ਅਧਿਕਰਣ ਕਾਰਕ–(Locative Case)–ਜੋ ਨਾਂਵ ਕਿਸੇ ਕੰਮ ਦੇ ਵਾਪਰਨ ਦਾ ਥਾਂ-ਥਿਤਾ ਦਸੇ ਉਹ ਅਧਿਕਰਣ ਕਾਰਕ ਵਿਚ ਹੈ। ਜਿਵੇਂ– (੧) 'ਮਨ' ਵਿਚ ਵਾਹਿਗੁਰੂ ਦਾ ਧਿਆਨ ਕਰੋ। (੨) 'ਸਿਰ' ਉਤੇ ਦਸਤਾਰ ਸਜਾਓ।

(੮) ਸੰਬੋਧਕ ਕਾਰਕ (Vocative Case)—ਜਿਸ ਨੂੰ ਕੁਝ ਸੰਬੋਧਨ ਕਰ ਕੇ ਕਿਹਾ ਜਾਵੇ, ਉਹ ਨਾਂਵ ਸੰਬੋਧਨ ਕਾਰਕ ਵਿਚ ਹੁੰਦਾ ਹੈ। ਜਿਵੇਂ (੧) ਮੇਰੇ ਮਨ ! ਭਾਣੇ ਵਿਚ ਸ਼ਾਕਰ ਰਹੁ। (੨) ਹੇ ਭਾਈ ! ਅੰਮ੍ਰਿਤ ਪਾਨ ਕਰੋ। [ਚਲਦਾ]

---

**ਪਾਠਕ ਜੀ**- ਆਪਣਾ ਚਿਟ ਨੰਬਰ ਨਾ ਭੁਲੋ। ਸਾਡੀ ਮਦਦ ਕਰੋ ਅਤੇ ਰਕਮ ਭੇਜਣ ਲਗਿਆਂ ਮਨੀਆਰਡਰ ਦੇ ਹੇਠਲੇ ਕੂਪਨ ਤੇ ਆਪਣਾ ਚਿਟ ਨੰਬਰ ਤੇ ਪੂਰਾ ਪਤਾ ਜ਼ਰੂਰ ਲਿਖੋ। ਅਸੀਂ ਹਰ ਪਰਚੇ ਤੇ ਐਡਰੈਸ ਤੋਂ ਪਹਿਲਾਂ ਚਿਟ ਨੰਬਰ ਲਿਖ ਕੇ ਤੁਹਾਨੂੰ ਭੇਜਦੇ ਹਾਂ।



www.AKJ.Org

**ਸ਼ਹੀਦੀ ਫੰਡ**—ਭੇਜਣ ਵਾਲੇ ਸਜਣ ਬੈਂਕ ਡਰਾਫਟ ਵਿਚ ਨਾਮ ਕੇਵਲ "ਅਖੰਡ ਕੀਰਤਨੀ ਜਥਾ" ਲਿਖਣ। ਬੈਂਕ ਡਰਾਫ਼ਟ ਵਿਚ 'ਸੂਰਾ' ਮਾਸਕ ਪਤਰ ਜਾਂ ਹੋਰ ਕਿਸੇ ਦਾ ਨਾਮ ਨਾ ਲਿਖਾਓ ਜੀ। ਭੇਜਣ ਦਾ ਪਤਾ—ਅਖੰਡ ਕੀਰਤਨੀ ਜਥਾ, ਮਾਰਫਤ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

**ਲੇਖਕ ਸੱਜਣ**—ਆਪਣੇ ਲੇਖ ਪੰਨੇ ਦੇ ਇਕ ਪਾਸੇ ਹੀ ਲਿਖ ਕੇ ਭੇਜੋ ਜੀ ਅਤੇ ਹਰੇਕ ਪੰਨੇ ਦੇ ਇਕ ਪਾਸੇ ਹਾਸ਼ੀਆ [ਖ਼ਾਲੀ ਥਾਂ] ਜ਼ਰੂਰ ਛਡੋ ਜੀ। ਖਾਲੀ ਹਾਸ਼ੀਆ ਛਡਣਾ ਬਹੁਤ ਜ਼ਰੂਰੀ ਹੈ। ਗੁਰਬਾਣੀ ਦੀਆਂ ਤੁਕਾਂ ਸੋਧ ਕੇ ਭੇਜੋ ਜੀ।

## ਸਿਖ ਯੂਥ ਐਸੋਸੀਏਸ਼ਨ, ਕਾਨਪੁਰ

ਕਾਨਪੁਰ, ੧੨੦/੮੫੭ ਰਾਜਿੰਦਰ ਨਗਰ ਵਿਖੇ ਉਪਰੋਕਤ ਨਾਂ ਦੀ ਐਸੋਸੀਏਸ਼ਨ ਕਾਇਮ ਹੋਈ ਹੈ, ਜਿਸ ਦਾ ਮੰਤਵ ਗੁਰਬਾਣੀ, ਗੁਰ-ਇਤਿਹਾਸ ਸਿਖ ਰਹਿਤ ਅਤੇ ਸਿਖ ਮਰਯਾਦਾ ਨੂੰ ਦ੍ਰਿੜ੍ਹ ਕਰਾਉਣ ਦਾ ਪਰਚਾਰ ਕਰਨਾ ਅਤੇ ਗੁਰਪੁਰਬ ਤੇ ਧਾਰਮਕ ਸਮਾਗਮਾਂ ਸਮੇਂ ਸੇਵਾ ਰਾਹੀਂ ਸਹਿਯੋਗ ਦੇਣਾ ਦਸਿਆ ਗਿਆ ਹੈ। ਸਤਿਗੁਰੂ ਬਖਸ਼ਸ਼ ਕਰਨ ਤੇ ਆਪਣੇ ਇਨ੍ਹਾਂ ਬੱਚਿਆਂ ਨੂੰ ਸਹੀ ਅਰਥਾਂ ਵਿਚ ਸਿਖੀ ਕਮਾਉਣ ਤੇ ਸਿਖੀ ਪਰਚਾਰਨ ਦੀ ਸਮਰੱਥਾ ਬਖਸ਼ਣ।

## ਪਿੰਡ ਮਨੌਲੀ ਤਸੀਲ ਖਰੜ (ਰੋਪੜ) ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਖਰੜ ਦੀ ਇਤਲਾਹ ਅਨੁਸਾਰ ੧੧ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਕੀਰਤਨੀ ਹੋ ਰਹੇ ਹਨ। ਭੋਗ ਐਤਵਾਰ ਸਵੇਰੇ ਸਤ ਵਜੇ ਪੈਣਗੇ। ਗੁਰੂ-ਸੰਵਾਰੇ ਗੁਰਸਿਖ ਸੰਤ ਸਮਾਗਮ ਵਿਚ ਪੁਜ ਰਹੇ ਹਨ। ਇਲਾਹੀ ਕੀਰਤਨ ਦੇ ਰੰਗ ਮਾਣਨ ਲਈ ਸਮੂਹ ਗੁਰਸਿਖ ਪਰਵਾਰ ਧਾਹੀਆਂ ਕਰ ਕੇ ਪੁਜੋ ਜੀ। ਸੈਕਟਰ ੧੭ ਚੰਡੀਗੜ੍ਹ ਤੋਂ ਮਨੌਲੀ ਲਈ ਸ਼ਾਮ ਨੂੰ ਪੌਣੇ ਛੇ ਦੇ ਕਰੀਬ ਬਸ ਮਿਲ ਜਾਂਦੀ ਹੈ।

## ਬਰੇਲੀ (ਯੂ. ਪੀ.) ਵਿਖੇ ਭਾਰੀ ਅਖੰਡ ਕੀਰਤਨ ਸਮਾਗਮ

ਭਾਈ ਸਾਹਿਬ ਰਣਧੀਰ ਸਿੰਘ ਦੇ ਅਖੰਡ ਕੀਰਤਨੀ ਜਥਿਆਂ ਵਲੋਂ ੨-੩-੪ ਦਸੰਬਰ ਨੂੰ ਹੋ ਰਹੇ ਹਨ। ਸ਼ਨੀਵਾਰ ੨ ਨਵੰਬਰ ਨੂੰ ਸਵੇਰੇ ੫ ਤੋਂ ੧੧ ਗੁਰਦੁਆਰਾ ਗੋਬਿੰਦ ਨਗਰ [ਮਾਡਲ ਟਾਊਨ] ਅਤੇ ਸ਼ਾਮ ਨੂੰ ੭ ਤੋਂ ੯ ਗੁਰਦੁਆਰਾ ਗਲੀ ਪਤਾਸਿਆਂ ਵਿਖੇ। ੩ ਦਸੰਬਰ ਨੂੰ ਸਵੇਰੇ ੫ ਤੋਂ ੧੧ ਗੁਰਦੁਆਰਾ A. S. C. ਸਕੂਲ ਬਰੇਲੀ ਛਾਉਣੀ ਅਤੇ ਰਾਤ ਨੂੰ ਰੈਣ ਸਬਾਈ ਗੁਰਦੁਆਰਾ ਗੋਬਿੰਦ ਨਗਰ ਵਿਖੇ ਹੋਵੇਗੀ। ਰਿਹਾਇਸ਼ ਸ੍ਰੀ ਗੁਰੂ ਨਾਨਕ ਰਿਖੀ ਸਿੰਘ ਗਰਲਜ਼ ਇੰਟਰ ਕਾਲਜ, ਮਾਡਲ ਟਾਊਨ ਬਰੇਲੀ ਵਿਖੇ ਹੋਵੇਗੀ।

ਪੁਛ ਗਿਛ— ਭਾਈ ਗੁਰਚਰਨ ਸਿੰਘ, ਸੈਂਟਰਲ ਪ੍ਰਿੰਟਿੰਗ ਪ੍ਰੈਸ, ੨੫-ਸੁਭਾਸ਼ ਮਾਰਕੀਟ, ਬਰੇਲੀ

---

**ਰਿਸ਼ਤੇ ਨਾਤੇ**—ਮੇਰੀ ਸੁੰਦਰ ਤੇ ਸੁਘੜ ਬੱਚੀ, ਉਮਰ ੨੧ ਸਾਲ, ਕੱਦ ੫ ਫੁਟ ੫ ਇੰਚ, ਕੈਨੇਡਾ ਦੀ ਸ਼ਹਿਰੀ, ਇੰਗਲਸ਼ ਫ਼ਰੈਂਚ ਤੇ ਜਰਮਨ ਬੋਲੀਆਂ ਤੋਂ ਜਾਣੂ, ਇਸ ਵੇਲੇ ਭਾਰਤ ਵਿਚ ਐਮ.ਐਸ. ਸੀ. ਵਿਚ ਪੜ੍ਹਦੀ ਹੈ। ਬੱਚੀ ਲਈ ਰਹਿਤ-ਬਹਿਤ ਵਿਚ ਪਰਪੱਕ, ਅੰਮ੍ਰਿਤਧਾਰੀ ਗੁਰਸਿਖ ਵਰ ਦੀ ਲੋੜ ਹੈ, ਜੋ ਮੈਡੀਕਲ ਡਾਕਟਰ, ਪੀ.ਐਚ.ਡੀ , ਇੰਜੀਨੀਅਰ ਜਾਂ ਆਈ.ਏ.ਐਸ. ਹੋਵੇ। ਫੋਟੋ ਤੇ ਹੋਰ ਜਾਣਕਾਰੀ ਭੇਜਣ ਦੇ ਨਾਲ ਪਤਾ ਦੇਵੋ ਕਿ ਅਖੰਡ ਕੀਰਤਨੀ ਜਥੇ ਦੇ ਕਿਸ ਸਮਾਗਮ ਵਿਚ ਅੰਮ੍ਰਿਤ ਪਾਨ ਕੀਤਾ ਹੈ। ਮੈਂ ਕੈਨੇਡਾ ਵਿਚ ਯੂਨੀਵਰਸਿਟੀ ਪ੍ਰੋਫ਼ੈਸਰ ਹਾਂ। ਮੇਰਾ ਮੌਜੂਦਾ ਪਤਾ—

ਪ੍ਰੋਫ਼ੈਸਰ ਸਿੰਘ, ੬੭੩ ਮਾਲ ਰੋਡ, ਮਾਡਲ ਟਾਊਨ, ਜਲੰਧਰ (ਪੰਜਾਬ)

www.AKJ.Org

# ਫ਼ਰੇਬੀ ਨਿਰੰਕਾਰੀ ਬਾਬੇ ਦੀਆਂ ਮੋਮੋਠਗਣੀਆਂ

"ਸੌ ਚੂਹੇ ਖਾ ਕੇ ਬਿਲੀ ਹੱਜ ਨੂੰ ਚਲੀ' ਦੀ ਅਖਾਉਤ ਵਾਂਗ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਅੰਮ੍ਰਿਤਸਰ ਵੈਸਾਖੀ ਦਾ ਖ਼ੂਨੀ ਸਾਕਾ ਵਰਤਾ ਕੇ, ਫਿਰ ੨੯ ਸਤੰਬਰ ਨੂੰ ਕਾਨਪੁਰ ਵਿਚ ਖ਼ੂਨ ਦੀ ਹੋਲੀ ਖੇਡ ਕੇ ਆਪਣੇ ਰਸਾਲੇ "ਸੰਤ ਨਿਰੰਕਾਰੀ" ਅਕਤੂਬਰ ਦੇ ਬਾਹਰ ਲਿਖਦਾ ਹੈ—"ਮੈਨੂੰ ਕਾਲੀਆਂ, ਪੀਲੀਆਂ ਜਾਂ ਨੀਲੀਆਂ ਝੰਡੀਆਂ ਤੋਂ ਕਦੇ ਦੁਖ ਨਹੀਂ ਮਹਿਸੂਸ ਹੁੰਦਾ, ਪਰ ਜਦੋਂ ਕਿਸੇ ਵੀ ਮਨੁਖ ਦਾ ਖ਼ੂਨ ਡੁਲ੍ਹਦਾ ਹੈ ਤਾਂ ਮੈਂ ਬਹੁਤ ਦੁਖੀ ਹੁੰਦਾ ਹਾਂ।" ਤਾਂ ਫਿਰ ਬਾਬਾ ਜੀ ਦਸੋ ਕਿ ਕੀ ਰੋਸ ਕਰਨ ਆਈਆਂ ਨਿਹੱਥੀਆਂ ਸਿਖ ਸੰਗਤਾਂ ਤੇ, ਆਪਣੀ ਬਾ-ਵਰਦੀ ਪ੍ਰਾਈਵੇਟ ਫ਼ੌਜ ਦੁਆਰਾ ਪੂਰੀ ਤਿਆਰੀ ਨਾਲ ਬੰਦੂਕਾਂ, ਪਸਤੌਲਾਂ ਬਰਛਿਆਂ ਭਾਲਿਆਂ ਤੀਰ ਕਮਾਨਾਂ, ਲਾਠੀਆਂ, ਇੱਟਾਂ ਵੱਟਿਆਂ ਅਤੇ ਤੇਜ਼ਾਬ ਦੀਆਂ ਬੋਤਲਾਂ ਦੀ ਵਾਛੜ ਨਾਲ ਖੂਨ ਡੋਲ੍ਹਣ ਸਮੇਂ ਤੁਹਾਡੇ ਤੇ ਸ਼ੈਤਾਨ ਸਵਾਰ ਹੋ ਜਾਂਦਾ ਹੈ ?

ਅਜ ੨੭ ਅਕਤੂਬਰ ਦੇ ਅਖ਼ਬਾਰਾਂ ਵਿਚ ਇਹ ਪਖੰਡੀ ਬਾਬਾ ਬਿਆਨ ਦੇ ਰਿਹਾ ਹੈ—'ਮੈਂ......ਆਪਣੇ ਆਪ ਨੂੰ ਕਦੇ ਗੁਰੂ ਨਹੀਂ ਕਿਹਾ ਤੇ ਮੇਰੇ ਦਿਲ ਵਿਚ ਸਿਖ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਪੂਰਾ ਸਨਮਾਨ ਹੈ।" ਸਿਖ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਜਿੰਨਾ ਕਿ ਸਤਿਕਾਰ ਹੈ ਇਸ ਬਾਰੇ ਇਨ੍ਹਾਂ ਦੀਆਂ ਲਿਖਤਾਂ ਅਗੇ ਪੇਸ਼ ਕੀਤੀਆਂ ਜਾ ਚੁਕੀਆਂ ਹਨ। ਦੂਜੇ "ਆਪਣੇ ਆਪ ਨੂੰ ਕਦੇ ਗੁਰੂ ਨਾ ਕਹਿਣਾ" ਦਾ ਸਬੂਤ ਐਤਕੀ ਅਕਤੂਬਰ ਦੇ ਰਸਾਲੇ "ਸੰਤ ਨਿਰੰਕਾਰੀ" ਵਿਚੋਂ ਹੀ ਵੇਖ ਸਕਦੇ ਹੋ, ਜਿਸ ਵਿਚ ਇਹ ਆਪਣਾ ਭੈੜੀ ਪਰਚਾਰ ਹੇਠ ਲਿਖੇ ਸ਼ਬਦਾਂ ਵਿਚ ਕਰਵਾ ਰਿਹਾ ਹੈ—

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥"

"ਅਜ ਉਹੀ ਪੁਰਾਤਨ ਮਹਾਂ ਪੁਰਸ਼ਾਂ ਗੁਰੂਆਂ ਵਾਲੀ ਜੋਤ ਇਸ ਬਾਬਾ ਗੁਰਬਚਨ ਸਿੰਘ ਜੀ ਦੇ ਘਟ ਵਿਚ ਜਗ ਰਹੀ ਹੈ। ਆਓ ਇਸ ਜੋਤ ਨਾਲ ਮਿਲ ਕੇ ਆਪਣੇ ਹਿਰਦੇ ਦੀ ਬੁਝੀ ਹੋਈ ਜੋਤ ਜਗਾ ਲਓ।......ਜੇਕਰ ਤਾਂ ਉਹੀ ਆਤਮ ਰਸ (ਅੰਮ੍ਰਿਤ) ਸ੍ਰੀ ਗੁਰੂ ਗੋਬਿੰਦ ਸਿੰਘ ਵਾਲਾ ਪਿਲਾ ਦੇਵੇ ਜਿਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਗਵਾਹੀ ਦੇਵੇ ਤਾਂ ਮੰਨਿਓ......।" ਕੀ ਇਹ ਦੋ-ਰੁਖ਼ੀ ਗੱਲਾਂ ਨਿਰਾ ਧੋਖਾ ਤੇ ਫ਼ਰੇਬ ਨਹੀਂ ?

ਹੁਣ ਸਰਕਾਰ ਨੇ ੪ ਤੋਂ ੬ ਨਵੰਬਰ ਨੂੰ ਦਿਲੀ ਵਿਖੇ ਇਨ੍ਹਾਂ ਨਕਲੀ ਨਿਰੰਕਾਰੀਆਂ ਨੂੰ ਇੰਡੀਆ ਗੇਟ ਦੇ ਖੁਲ੍ਹੇ ਗਰਾਊਂਡ ਵਿਚ ਕੁਸੰਗ ਕਰਨ ਦੀ ਆਗਿਆ ਦੇ ਦਿਤੀ ਹੈ। ਸਤਿਗੁਰੂ ਮਿਹਰ ਕਰਨ!

---

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਵਾਰੀ ਅਠਾਰ੍ਹਾਂ ਮੈਂਬਰਾਂ ਦੇ ਸੌ ਸੌ ਅਤੇ ਆਖ਼ਰੀ ਦੇ ਕੈਨੇਡਾ ਤੋਂ 750/- ਰੁਪਏ ਪੁਜੇ ਹਨ। ਸਭ ਦੀਆਂ ਐਫ਼. ਡੀਆਂ ਦੇ ਨੰਬਰ ਇਸ ਤਰ੍ਹਾਂ ਹਨ।

| | | | | |
|---|---|---|---|---|
| 420. ਸ: ਹਰੀ ਸਿੰਘ ਜੀ ਚੰਬਾ | (ਚਿਟ ਨੰ: | 3420) | 805232/1182/78 | ਮਿਤੀ 20. 10. 78 |
| 421. ਸ: ਚਰਨਜੀਤ ਸਿੰਘ ਜੀ ਪਟਨਾ | ( ,, | 3421) | 805233/1183/78 | ,, |
| 422. ਸ: ਰੰਜੀਤ ਸਿੰਘ ਅਮਰਜੀਤ ਸਿੰਘ | ( ,, | 3422) | 805234/1184/78 | ,, |
| 423. ਸ: ਸੋਹਿੰਦਰ ਸਿੰਘ ਜੀ ਗ੍ਰੇ-ਗ੍ਰੇਸ | ( ,, | 3423) | 805235/1185/78 | ,, |
| 424. ਸ: ਰਤਨ ਸਿੰਘ ਜੀ ਇਟਾਵਾ | ( ,, | 3424) | 805236/1186/78 | ,, |
| 425. ਸ: ਜੋਗਿੰਦਰ ਸਿੰਘ ਜੀ ਨਾਗਰਾ | ( ,, | 3425) | 805237/1187/78 | ,, |
| 426. ਸ: ਨਰਿੰਦਰ ਸਿੰਘ ਜੀ ਮਿਲਟਰੀ ਫ਼ਾਰਮ | ( ,, | 3426) | 805238/1188/78 | ,, |
| 427. Hav. ਸੋਹਨ ਸਿੰਘ ਜੀ ਸ਼ਿਮਲਾ | ( ,, | 3427) | 805239/1189/78 | ,, |
| 428. ਸ: ਮਨੋਹਰ ਸਿੰਘ ਜੀ ਧਨਬਾਦ | ( ,, | 3428) | 805240/1190/78 | ,, |
| 429. ਸ: ਸੋਹਨ ਸਿੰਘ ਜੀ ਪਟਿਆਲਾ | ( ,, | 3429) | 805241/1191/78 | ,, |
| 430. ਸ: ਬਲਦੇਵ ਸਿੰਘ ਜੀ ਜੈਪੁਰ | ( ,, | 3430) | 805242/1192/78 | ,, |
| 431. ਸ: ਜਵੰਦ ਸਿੰਘ ਜੀ ਦਿਲੀ | ( ,, | 3431) | 805243/2193/78 | ,, |
| 432. ਬੀਬੀ ਉਪਕਾਰ ਕੌਰ ਜੀ ਦਿੱਲੀ | ( ,, | 3432) | 805244/1194/78 | ,, |
| 433. ਸ: ਫ਼ਤਿਹ ਸਿੰਘ ਜੀ ਸਿਧੂ M.A;B.T. | ( ,, | 3433) | 805245/1195/78 | ,, |
| 434. ਸ: ਜਰਨੈਲ ਸਿੰਘ ਜੀ ਦਿੱਲੀ | ( ,, | 3434) | 805246/1196/78 | ,, |
| 435. ਸ: ਅਵਤਾਰ ਸਿੰਘ Elect./FIT | ( ,, | 3435) | 805247/1197/78 | ,, |
| 436. ਸ: ਗੁਰਬਖ਼ਸ਼ ਸਿੰਘ ਬੱਗਾ ਐਂਡ ਸਨਜ਼ | ( ,, | 3436) | 805248/1198/78 | ,, |
| 437. ਸ: ਮਹਿੰਦਰ ਸਿੰਘ ਜੀ ਨਵੀਂ ਦਿਲੀ | ( ,, | 3437) | 805249/1199/78 | ,, |
| 438. ਗੁਰੂ ਨਾਨਕਸਿਖ ਟੈਂਪਲ ਸੁਸਾਇਟੀਕੈਨੇਡਾ | ( ,, | 2182) | 805250!1200!78 | ,, |

www.AKJ.Org

# ਸ਼ਹੀਦ ਭਾਈ ਬਲਵੰਤ ਸਿੰਘ ਜੀ



ਸ਼ਹੀਦੀ ਤੋਂ ਪਹਿਲਾਂ



ਸ਼ਹੀਦੀ ਤੋਂ ਪਿਛੋਂ

ਫਟੜ ਭਾਈ...............ਸਿੰਘ ਜੀ



ਫਟੜ ਭਾਈ ਜੋਗਿੰਦਰ ਸਿੰਘ ਜੀ



www.AKJ.Org

ਫਟੜ ਭਾਈ ਸਰਦਾਰ ਸਿੰਘ ਜੀ



ਫਟੜ ਭਾਈ ਗੁਰਬਚਨ ਸਿੰਘ ਜੀ



ਫਟੜ ਭਾਈ ਇਕਬਾਲ ਸਿੰਘ ਜੀ



ਫਟੜ ਭਾਈ ਹਰਭਜਨ ਸਿੰਘ ਜੀ



www.AKJ.Org